wnloaded from https:// www.studiestoday.co

# ਸੰਗੀਤ ਵਾਦਨ

(ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀ ਲਈ)

PARADISE PRINTERS (I)
240, Industrial Area, Phase-I
Chandigarh-160 002

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

wnloaded from https:// www.studiestoday.co

wnloaded from https:// www.studiestoday.c

© ਪੰਜਾਬ ਸਰਕਾਰ

ਐਡੀਸ਼ਨ 2017............5,000 ਕਾਪੀਆਂ

All rights, including those of translation, reproduction and annotation etc., are reserved by the Punjab Government.


| | | |
|---|---|---|
| **ਲੇਖਕ :** ਮਨਪ੍ਰੀਤ ਕੌਰ | ਸੰਗੀਤ ਟੀਚਰ | ਸ.ਸ.ਸ.ਸ. ਸੈਕਟਰ 37-ਡੀ ਚੰਡੀਗੜ੍ਹ |
| **ਲੇਖਕ ਤੇ ਸੋਧਕ:** ਸ਼ਸ਼ੀ ਅਰਵਿੰਦ | ਰਿਟਾਇਡ ਸੰਗੀਤ ਟੀਚਰ | ਸ.ਸ.ਸ.ਸ. 3ਬੀ-1 ਐੱਸ.ਏ.ਐੱਸ.ਨਗਰ |
| **ਅਨੁਵਾਦਕ :** ਰੇਨੂੰ ਭੱਟੀ | ਰਿਟਾਇਡ ਪ੍ਰਿੰਸੀਪਲ | ਆਦਰਸ਼ ਸ.ਸ.ਸ.ਖਟਕੜ ਕਲਾਂ ਸ਼ਹੀਦ ਭਗਤ ਸਿੰਘ ਨਗਰ |
| **ਵਿਸ਼ਾ-ਕੋਆਰਡੀਨੇਟਰ:** ਚਰਨਪ੍ਰੀਤ ਕੌਰ | ਲੈਕਚਰਾਰ ਮਿਊਜ਼ਿਕ | ਪੰਜਾਬ ਸਕੂਲ ਸਿੱਖਿਆ ਬੋਰਡ ਐੱਸ.ਏ.ਐੱਸ.ਨਗਰ |
| **ਚਿੱਤਰਕਾਰ:** ਸ.ਮਨਜੀਤ ਸਿੰਘ | ਜੂਨੀਅਰ ਆਰਟਿਸਟ | ਪੰਜਾਬ ਸਕੂਲ ਸਿੱਖਿਆ ਬੋਰਡ |


## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ)

**ਮੁੱਲ : ₹ 29.00 ਰੁਪਏ**

**ਸਕੱਤਰ:** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਤ ਅਤੇ **ਮੈਸ. ਪੈਰਾਡਾਇਜ਼ ਪ੍ਰਿੰਟਰਜ਼ (ਆਈ), 240, ਇੰਡਸਟਰੀਅਲ ਏਰੀਆ, ਫੇਜ਼-1,** ਚੰਡੀਗੜ੍ਹ ਤਿਆਰ ਛਾਪੀ ਗਈ।

wnloaded from https:// www.studiestoday.c

ownloaded from https:// www.studiestoday.co

# ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੀਆਂ ਸਾਰੇ ਵਿਸ਼ਿਆਂ ਦੇ ਪਾਠ-ਕ੍ਰਮ ਨੂੰ ਸੋਧਣ ਅਤੇ ਇਸ ਸੋਧੇ ਹੋਏ ਪਾਠ-ਕ੍ਰਮ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ (ਵਾਦਨ) ਵਿਸ਼ੇ ਦਾ ਮਿਡਲ ਸ਼੍ਰੇਣੀ ਦਾ ਪਾਠ-ਕ੍ਰਮ ਕਈ ਸਾਲਾਂ ਤੋਂ ਪੁਰਾਣਾ ਹੀ ਲਾਗੂ ਸੀ। ਅਜੋਕੇ ਯੁਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਦੇ ਪਾਠ-ਕ੍ਰਮ ਨੂੰ ਸੋਧਣਾ ਜ਼ਰੂਰੀ ਸੀ। ਇਸ ਲਈ ਦਾਖਲਾ ਸਾਲ 2010-11 ਤੋਂ ਖੇਤਰੀ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਪਾਠ-ਕ੍ਰਮ ਨੂੰ ਸੋਧਿਆ ਗਿਆ। ਸੋਧੇ ਗਏ ਪਾਠ-ਕ੍ਰਮ ਅਨੁਸਾਰ ਸੰਗੀਤ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਦਾਖਲਾ ਸਾਲ 2012-13 ਲਈ ਤਿਆਰ ਕੀਤੀਆਂ ਗਈਆਂ ਹਨ।

ਹੱਥਲੀ ਪੁਸਤਕ ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਦੀ ਸਮੱਗਰੀ ਨੂੰ ਸਰਲ, ਰੋਚਕ ਅਤੇ ਸਪੱਸ਼ਟ ਬਣਾਉਣ ਲਈ ਲੋੜੀਂਦੇ ਸਾਜ਼ਾਂ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ। ਵਾਦਨ ਦੇ ਅਭਿਆਸ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਤਾਂ ਜੋ ਵਿਦਿਆਰਥੀ ਸੰਗੀਤ ਨੂੰ ਕਿਰਿਆਤਮਕ ਰੂਪ ਵਿੱਚ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਪ੍ਰਤੀ ਰੁਚੀ ਪੈਦਾ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਲਈ ਲਾਹੇਵੰਦ ਸਿੱਧ ਹੋਵੇਗੀ। ਇਸ ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਪ੍ਰਾਪਤ ਹੋਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

**ਚੇਅਰਪਰਸਨ**

**ਪੰਜਾਬ ਸਕੂਲ ਸਿੱਖਿਆ ਬੋਰਡ**



ownloaded from https:// www.studiestoday.co

ownloaded from https:// www.studiestoday.co

# ਵਿਸ਼ਾ ਸੂਚੀ

## ਭਾਗ - ਪਹਿਲਾ

## ਛੇਵੀਂ ਸ਼੍ਰੇਣੀ ਲਈ


| ਪਾਠ-ਨੰ: | ਵਿਸ਼ਾ | ਪੰਨਾ ਨੰ: |
|---|---|---|
| ਪਾਠ-1 | ਸੰਗੀਤ (ਗਾਇਨ, ਵਾਦਨ ਅਤੇ ਨ੍ਰਿਤ) | 2 |
| ਪਾਠ-2 | ਅਲੰਕਾਰ | 4 |
| ਪਾਠ-3 | ਆਰੋਹ - ਅਵਰੋਹ | 6 |
| ਪਾਠ-4 | ਲੈਅ (ਵਿਲੰਬਿਤ, ਮੱਧ, ਦਰੁੱਤ) | 7 |
| ਪਾਠ-5 | ਸਪਤਕ (ਮੰਦਰ , ਮੱਧ, ਤਾਰ) | 8 |
| ਪਾਠ-6 | ਸਵਰ (ਸ਼ੁੱਧ ਸਵਰ) | 9 |
| ਪਾਠ-7 | ਪੰਜ ਅਲੰਕਾਰ | 10 |
| ਪਾਠ-8 | ਤਾਲਾਂ (ਦਾਦਰਾ ਤੇ ਕਹਿਰਵਾ) | 12 |


## ਭਾਗ - ਦੂਜਾ

## ਸੱਤਵੀਂ ਸ਼੍ਰੇਣੀ ਲਈ


| | | |
|---|---|---|
| ਪਾਠ-1 | ਸਵਰ (ਸ਼ੁੱਧ, ਕੋਮਲ, ਤੀਵਰ) | 14 |
| ਪਾਠ-2 | ਨਾਦ (ਅਨਾਹਤ, ਆਹਤ) | 16 |
| ਪਾਠ-3 | ਭਾਸ਼ਾਵਾਂ :- ਵਾਦੀ ਸਵਰ, ਸਮਵਾਦੀ ਸਵਰ, ਅਨੁਵਾਦੀ ਸਵਰ, ਵਿਵਾਦੀ ਸਵਰ, ਵਰਜਿਤ ਸਵਰ | 18 |
| ਪਾਠ-4 | ਰਾਗ, ਰਾਗ ਦੇ ਨਿਯਮ | 20 |
| ਪਾਠ-5 | ਪਕੜ | 22 |
| ਪਾਠ-6 | ਸ਼ਰੂਤੀ | 23 |
| ਪਾਠ-7 | ਪੰ: ਵਿਸਣੂ ਨਰਾਇਣ ਭਾਤਖੰਡੇ ਜੀ | 25 |
| ਪਾਠ-8 | ਸਿਤਾਰ ਵਜਾਣ ਦੇ ਵਿਸ਼ੇਸ਼ ਸੰਕੇਤ | 28 |
| ਪਾਠ-9 | ਰਾਗ ਭੁਪਾਲੀ | 30 |
| ਪਾਠ-10 | ਰਾਗ ਦੁਰਗਾ | 32 |
| ਪਾਠ-11 | ਤਾਲਾਂ (ਤਿੰਨ ਤਾਲ; ਰੂਪਕ ਤਾਲ) | 34 |




ownloaded from https:// www.studiestoday.co

ownloaded from https:// www.studiestoday.co

## ਭਾਗ ਤੀਜਾ

## ਅੱਠਵੀਂ ਸ਼੍ਰੇਣੀ ਲਈ


| | | |
|---|---|---|
| ਪਾਠ-1 | ਜਾਤੀ ਕਿਸ ਨੂੰ ਕਹਿੰਦੇ ਹਨ (ਔੜਵ ਸ਼ਾੜਵ ਸੰਪੂਰਨ) ਤੇ ਉਪਜਾਤੀਆਂ | 36 |
| ਪਾਠ-2 | ਭਾਸ਼ਾਵਾਂ :- ਮਾਤਰਾ, ਸਮ, ਵਿਭਾਗ, ਤਾਲੀ, ਖਾਲੀ, ਆਵਰਤਨ | 39 |
| ਪਾਠ-3 | ਵਾਦਕ ਦੇ ਗੁਣ ਅਤੇ ਔਗੁਣ | 41 |
| ਪਾਠ-4 | ਥਾਟ | 43 |
| ਪਾਠ-5 | ਪੰਡਿਤ ਰਵੀਸ਼ੰਕਰ ਜੀ | 45 |
| ਪਾਠ-6 | ਸਵਰ ਲਿਪੀ | 48 |
| ਪਾਠ-7 | ਰਾਗ ਭੈਰਵੀ | 50 |
| ਪਾਠ-8 | ਰਾਗ ਖਮਾਜ | 53 |
| ਪਾਠ-9 | ਤਾਲਾਂ (ਇੱਕ ਤਾਲ ਤੇ ਝਪ ਤਾਲ) | 55 |
| ਪਾਠ-10 | ਧੁਨ ਰਾਗ ਭੈਰਵੀ, ਰਾਗ ਖਮਾਜ | 57 |
| ਪਾਠ-11 | ਸਿਤਾਰ | 60 |
| ਪਾਠ-12 | ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਾਰੀਆਂ ਤਾਲਾਂ ਦੀ ਦੁਗਣ | 63 |
| ਪਾਠ-13 | ਰਾਗਾਂ ਦਾ ਚਾਰਟ | 65 |




ownloaded from https:// www.studiestoday.co

ownloaded from https:// www.studiestoday.co

ownloaded from https:// www.studiestoday.co

ownloaded from https:// www.studiestoday.co

## ਭਾਗ ਪਹਿਲਾ

# ਛੇਵੀਂ ਸ਼੍ਰੇਣੀ ਲਈ

ownloaded from https:// www.studiestoday.co

ownloaded from https:// www.studiestoday.co

## ਪਾਠ 1

# ਸੰਗੀਤ (ਗਾਇਨ, ਵਾਦਨ ਅਤੇ ਨ੍ਰਿਤ)

ਸਵਰ, ਤਾਲ, ਸ਼ੁੱਧ ਉਚਾਰਣ ਹਾਵ-ਭਾਵ ਅਤੇ ਸ਼ੁੱਧ ਮੁਦਰਾ ਦੇ ਨਾਲ ਜਦੋਂ ਗਾਇਆ-ਵਜਾਇਆ ਜਾਵੇ ਉਸ ਨੂੰ ਸੰਗੀਤ ਕਹਿੰਦੇ ਹਨ।

ਸੰਗੀਤ ਸ਼ਬਦ, ਗੀਤ ਸ਼ਬਦ ਵਿੱਚ ਉਪਸਰਗ ਲਗਾ ਕੇ ਬਣਿਆ ਹੈ 'ਸੰ' ਦਾ ਅਰਥ ਹੈ ਅੱਛਾ ਅਤੇ 'ਗੀਤ' ਦਾ ਅਰਥ ਹੈ ਗਾਣਾ। ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਦੇ ਮਾਧਿਅਮ ਤੋਂ ਭਾਵ ਪੈਦਾ ਕਰਨ ਵਾਲੀ ਰਚਨਾ ਹੈ। ਇਹਨਾਂ ਤਿੰਨ੍ਹਾਂ ਦੇ ਹੀ ਸਮੂਹ ਨੂੰ ਆਧੁਨਿਕ ਸਮੇਂ ਵਿੱਚ ਸੰਗੀਤ ਕਿਹਾ ਗਿਆ ਹੈ। ਕਈ ਸੰਗੀਤਕਾਰ ਗਾਇਨ ਨੂੰ ਹੀ ਸਰਬਸ਼੍ਰੇਠ ਮੰਨਦੇ ਹਨ। ਪਰੰਤੂ ਅਸਲ ਵਿੱਚ ਅੱਜ ਸੰਗੀਤ ਦੀਆਂ ਤਿੰਨੋਂ ਕਲਾਵਾਂ ਅਪਣੇ-ਅਪਣੇ ਰੂਪ ਵਿੱਚ ਬਹੁਤ ਵਿਕਸਿਤ ਹੋ ਚੁੱਕੀਆਂ ਹਨ।

ਜਿਵੇਂ ਗਾਇਨ ਆਪਣੇ ਸ਼ਾਸਤਰੀ ਰੂਪ, ਸੁਗਮ ਰੂਪ ਅਤੇ ਲੋਕਗੀਤ ਦੇ ਰੂਪ ਵਿੱਚ, ਵਾਦਨ ਅਪਣੇ ਏਕਲ ਰੂਪ, ਵਰਿੰਦਵਾਦਨ ਦੇ ਰੂਪ ਵਿੱਚ ਨਰਿਤ, ਸ਼ਾਸਤਰੀ ਨ੍ਰਿਤ, ਸੁਗਮਨ੍ਰਿਤ ਅਤੇ ਲੋਕ ਨ੍ਰਿਤ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ।

**ਸੰਗੀਤ ਦੀਆਂ ਹੇਠ ਲਿਖੀਆਂ ਮੁੱਖ ਤਿੰਨ ਕਲਾਵਾਂ ਹਨ :-**

**ਗਾਇਨ** : ਜਿਸ ਸੰਗੀਤ ਨੂੰ ਕੰਠ ਰਾਹੀਂ ਸਵਰ, ਲੈਅ ਅਤੇ ਤਾਲ ਦੇ ਨਾਲ ਗਾਇਆ ਜਾਵੇ ਉਸ ਨੂੰ ਗਾਇਨ ਕਹਿੰਦੇ ਹਨ।

**ਵਾਦਨ** : ਜਿਸ ਸੰਗੀਤ ਦੇ ਸਵਰਾਂ ਨੂੰ ਲੈਅ ਅਤੇ ਤਾਲ ਦੇ ਨਾਲ ਕਿਸੇ ਸਾਜ ਤੇ ਵਜਾਇਆ ਜਾਵੇ ਉਸ ਨੂੰ ਵਾਦਨ ਕਹਿੰਦੇ ਹਨ।



ownloaded from https:// www.studiestoday.co

ownloaded from https:// www.studiestoday.co

ਨ੍ਰਿਤ : ਜਦੋਂ ਅਪਣੇ ਆਤਮਿਕ ਭਾਵਾਂ ਨੂੰ ਤਾਲ ਬੱਧ ਢੰਗ ਨਾਲ ਸਰੀਰਿਕ ਮੁਦ੍ਰਾਵਾਂ ਦੇ ਨਾਲ ਪ੍ਰਗਟ ਕੀਤਾ ਜਾਵੇ ਉਸ ਨੂੰ ਨ੍ਰਿਤ ਕਹਿੰਦੇ ਹਨ।

ਗਾਇਨ ਵਾਦਨ ਅਤੇ ਨ੍ਰਿਤ ਦਾ ਸਵਤੰਤਰ ਸਥਾਨ ਹੋਣ ਦੇ ਬਾਵਜੂਦ ਇਹ ਤਿੰਨੋਂ ਕਲਾਵਾਂ ਦਾ ਆਪਸ ਵਿੱਚ ਬਹੁਤ (ਗਹਿਰਾ) ਗੂੜ੍ਹਾ ਸਬੰਧ ਹੈ ਅਤੇ ਇਹ ਤਿੰਨੋਂ ਇੱਕ ਦੂਜੇ ਤੇ ਆਸ਼ਰਿਤ ਹਨ।

******



ownloaded from https:// www.studiestoday.co

Downloaded from https:// www.studiestoday.com

# ਪਾਠ 2

# ਅਲੰਕਾਰ

ਜਦ ਸਵਰਾਂ ਨੂੰ ਕਿਸੇ ਖਾਸ ਕ੍ਰਮ ਵਿੱਚ ਰੱਖਦੇ ਹੋਏ ਆਰੋਹ, ਅਵਰੋਹ ਦੇ ਰੂਪ ਵਿੱਚ ਵਜਾਇਆ ਜਾਵੇ ਉਸ ਰਚਨਾ ਨੂੰ ਅਲੰਕਾਰ ਕਹਿੰਦੇ ਹਨ। ਅਲੰਕਾਰ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਆਭੂਸ਼ਣ ਜਾਂ ਗਹਿਣਾ। ਜਿਸ ਤਰ੍ਹਾਂ ਸਰੀਰ ਨੂੰ ਸਜਾਉਣ ਲਈ ਭਿੰਨ-ਭਿੰਨ ਪ੍ਰਕਾਰ ਦੇ ਆਭੂਸ਼ਣਾਂ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਸੰਗੀਤ ਨੂੰ ਸਜਾਉਣ ਦੇ ਲਈ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੁਰਾਂ ਦੇ ਛੋਟੇ-ਛੋਟੇ ਸਮੂਹਾਂ ਨੂੰ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ। ਪਰ ਜਦੋਂ ਅਲੰਕਾਰਾਂ ਦਾ ਪੂਰਾ ਰੂਪ ਸੁਰ ਅਤੇ ਲੈਅ ਨਾਲ ਵਜਾਇਆ ਜਾਂਦਾ ਹੈ ਤਾਂ ਹੀ ਉਸ ਦੀ ਪੂਰੀ ਸੁੰਦਰਤਾ ਦਾ ਪਤਾ ਲਗਦਾ ਹੈ। ਅਲੰਕਾਰਾਂ ਦੇ ਨਾਲ ਹੀ ਵਾਦਨ ਦੀ ਸੋਭਾ ਵੱਧਦੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਹਰ ਰੋਜ਼ ਅਲੰਕਾਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਸੰਗੀਤ ਕਲਾ ਵਿੱਚ ਨਿਖਾਰ ਲਿਆ ਸਕਣ ਤੇ ਗਿਆਨ ਹਾਸਲ ਕਰ ਸਕਣ।

**ਅਲੰਕਾਰਾਂ ਦੇ ਲਾਭ :-**

1. ਅਲੰਕਾਰਾਂ ਦੇ ਅਭਿਆਸ ਨਾਲ ਕਲਪਨਾ ਸ਼ਕਤੀ ਦਾ ਵਿਕਾਸ ਹੁੰਦਾ ਹੈ।
2. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵੱਧਦਾ ਹੈ ਅਤੇ ਲੈਅ ਦੀ ਸਹੀ ਜਾਣਕਾਰੀ ਮਿਲਦੀ ਹੈ।
3. ਇਸ ਨਾਲ ਸਾਜ ਵਜਾਉਣ ਵਿੱਚ ਮਧੁਰਤਾ ਤੇ ਸਪੱਸ਼ਟਤਾ ਪੈਦਾ ਹੁੰਦੀ ਹੈ।
4. ਸੁਰਾਂ ਦੇ ਚੱਲ-ਅਚੱਲ ਰੂਪਾਂ ਦਾ ਗਿਆਨ ਹੁੰਦਾ ਹੈ।



Downloaded from https:// www.studiestoday.com

ownloaded from https:// www.studiestoday.co

5. ਨਿਤ ਸਾਜ ਤੇ ਰਿਆਜ ਕਰਨ ਨਾਲ ਵਜਾਉਣ ਵਾਲੀ ਉਂਗਲੀ ਪੱਕੀ ਹੋ ਜਾਂਦੀ ਹੈ।
6. ਇਸ ਦੇ ਅਭਿਆਸ ਨਾਲ ਥਕਾਵਟ ਜਲਦੀ ਨਹੀਂ ਹੁੰਦੀ ਤੇ ਸਾਜ ਵਜਾਉਣ ਤੇ ਜਿਆਦਾ ਤਾਕਤ ਨਹੀਂ ਲਗਦੀ।
7. ਇਸ ਨੂੰ ਵਜਾਉਣ ਤੇ ਅੱਗੇ ਪਿੱਛੇ ਦੇ ਸੁਰਾਂ ਦੇ ਵਜਾਉਣ ਦਾ ਅਭਿਆਸ ਹੋ ਜਾਂਦਾ ਹੈ।

******



ownloaded from https:// www.studiestoday.co

ownloaded from https:// www.studiestoday.co

# ਪਾਠ 3

# ਆਰੋਹ - ਅਵਰੋਹ

**ਆਰੋਹ** :- ਆਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ, ਅਰਥਾਤ ਜਦੋਂ ਅਸੀਂ ਮੱਧ ਸਪਤਕ ਦੇ "ਸ" ਤੋਂ ਤਾਰ ਸਪਤਕ ਦੇ "ਸਾਂ" ਤੱਕ ਚੜ੍ਹਦਾ ਕ੍ਰਮ ਕਰਦੇ ਹਾਂ ਉਸ ਨੂੰ ਆਰੋਹ ਕਹਿੰਦੇ ਹਨ ਜਿਵੇਂ ਸਾ ਰੇ ਗ ਮ ਪ ਧਾ ਨੀ ਸਾਂ ਇਸ ਵਿੱਚ ਚੜ੍ਹਦਾ ਕ੍ਰਮ ਹੋਣ ਕਾਰਣ ਸਵਰਾਂ ਦੀ ਆਵਾਜ਼ ਕ੍ਰਮਿਕ ਉੱਚੀ ਹੁੰਦੀ ਜਾਂਦੀ ਹੈ।

**ਅਵਰੋਹ** :- ਅਵਰੋਹ ਦਾ ਅਰਥ ਹੈ ਉਤਰਦਾ ਕ੍ਰਮ, ਜਦੋਂ ਤਾਰ ਸਪਤਕ ਦੇ ਸਾਂ ਤੋਂ ਮੱਧ ਸਪਤਕ ਦੇ "ਸ" ਤੱਕ ਜਾਣ ਨੂੰ ਅਵਰੋਹ ਕਹਿੰਦੇ ਹਨ ਜਿਵੇਂ ਸਾਂ ਨੀ ਧਾ ਪ ਮ ਗ ਰੇ ਸ ਇਸ ਵਿੱਚ ਉਤਰਦੇ ਕ੍ਰਮ ਹੋਣ ਕਾਰਣ ਆਵਾਜ਼ ਕ੍ਰਮਿਕ ਨੀਵੀਂ ਹੁੰਦੀ ਜਾਂਦੀ ਹੈ।

ਗਾਇਕ ਜਾਂ ਵਾਦਕ ਗਾਉਂਦੇ ਜਾਂ ਵਜਾਉਂਦੇ ਸਮੇਂ; ਕਿਸੇ ਵਿਸ਼ੇਸ਼ ਸਵਰ ਤੇ ਠਹਿਰਦੇ ਉਪਰ ਨੀਚੇ ਚੜ੍ਹਦੇ ਉਤਰਦੇ ਰਹਿੰਦੇ ਹਨ। ਇਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਆਰੋਹ, ਅਵਰੋਹ ਕਹਿੰਦੇ ਹਨ।

******



ownloaded from https:// www.studiestoday.co

ownloaded from https:// www.studiestoday.co

# ਪਾਠ 4

# ਲੈਅ

ਲੈਅ ਸ਼ਬਦ ਦੀ ਉਤਪਤੀ 'ਲੀ' ਧਾਤੂ ਤੋਂ ਪੈਦਾ ਹੋਈ ਹੈ ਜਿਸ ਦਾ ਅਰਥ ਹੈ 'ਲਗਾਤਾਰ ਚਲਨਾ' ਜਾਂ ਇਸ ਨੂੰ ਹੋਰ ਵੀ ਅਸਾਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ, ਸਮੇਂ ਦੀ ਬਰਾਬਰ ਚਾਲ ਨੂੰ ਲੈਅ ਕਹਿੰਦੇ ਹਨ। ਇਹ ਲੈਅ ਹੀ ਸਾਰੇ ਸੰਗੀਤ ਦਾ ਆਧਾਰ ਹੈ।

**ਲੈਅ ਤਿੰਨ ਤਰ੍ਹਾਂ ਦੀ ਮੰਨੀ ਜਾਂਦੀ ਹੈ :-**

1. ਵਿਲੰਬਿਤ ਲੈਅ
2. ਮੱਧ ਲੈਅ
3. ਦਰੁੱਤ ਲੈਅ

**1. ਵਿਲੰਬਿਤ ਲੈਅ :-** ਜਿਸ ਲੈਅ ਦੀ ਗਤੀ ਬਹੁਤ ਧੀਮੀ ਹੁੰਦੀ ਹੈ। ਅਰਥਾਤ ਸਧਾਰਣ ਗਤੀ ਤੋਂ ਦੁੱਗਣੀ ਨੀਵੀਂ ਹੁੰਦੀ ਹੈ ਉਸ ਨੂੰ ਵਿਲੰਬਿਤ ਲੈਅ ਕਹਿੰਦੇ ਹਨ।

**2. ਮੱਧ ਲੈਅ :-** ਜਿਹੜੀ ਲੈਅ ਨ ਜਿਆਦਾ ਤੇਜ਼ ਅਤੇ ਨਾ ਹੀ ਬਹੁਤ ਧੀਮੀ ਹੋਵੇ ਅਰਥਾਤ ਸਧਾਰਣ ਹੋਵੇ ਉਸ ਨੂੰ ਮੱਧ ਲੈਅ ਕਹਿੰਦੇ ਹਨ।

**3. ਦਰੁੱਤ ਲੈਅ :-** ਮੱਧ ਲੈਅ ਤੋਂ ਦੁੱਗਣੀ ਤੇਜ ਅਤੇ ਵਿਲੰਬਿਤ ਲੈਅ ਤੋਂ ਚੌਗੁਣੀ ਲੈਅ ਨੂੰ ਦਰੁੱਤ ਲੈਅ ਕਹਿੰਦੇ ਹਨ। ਇਸ ਲੈਅ ਨਾਲ ਸੰਗੀਤ ਵਿੱਚ ਥਿਰਕਨ ਆ ਜਾਂਦੀ ਹੈ।

******



ownloaded from https:// www.studiestoday.co

ownloaded from https:// www.studiestoday.co

# ਪਾਠ 5

# ਸਪਤਕ

ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸਵਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ :- ਇਹ ਸਵਰ ਹਨ ਸਾ ਰੇ ਗ ਮ ਪ ਧ ਨੀ।

ਆਵਾਜ਼ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਕੋਈ ਆਵਾਜ਼ ਭਾਰੀ ਅਤੇ ਮੋਟੀ ਹੁੰਦੀ ਹੈ ਅਤੇ ਕੋਈ ਬਹੁਤ ਪਤਲੀ ਅਤੇ ਬਰੀਕ ਹੁੰਦੀ ਹੈ। ਧਵਨੀ ਦੇ ਇਸ ਅੰਤਰ ਨੂੰ ਦੇਖਦੇ ਹੋਏ ਸੰਗੀਤ ਵਿਦਵਾਨ ਸਪਤਕ ਦੇ ਮੁੱਖ ਤਿੰਨ ਪ੍ਰਕਾਰ ਮੰਨਦੇ ਹਨ :-

1. **ਮੰਦਰ ਸਪਤਕ** :- ਜਿਹੜੀ ਆਵਾਜ਼ ਜ਼ਿਆਦਾ ਨੀਵੀਂ ਅਤੇ ਭਾਰੀ ਹੋਵੇ ਉਸ ਨੂੰ ਮੰਦਰ ਸਪਤਕ ਦੀ ਆਵਾਜ਼ ਕਹਿੰਦੇ ਹਨ। ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਲਿੱਪੀ ਪੱਦਤੀ ਅਨੁਸਾਰ ਸਵਰਾਂ ਦੇ ਨੀਚੇ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ ਜਿਵੇਂ :- ਰ਼ੇ ਗ਼ ਮ਼ ।

2. **ਮੱਧ ਸਪਤਕ** :- ਇਸ ਸਪਤਕ ਦੀ ਆਵਾਜ਼ ਨਾ ਜ਼ਿਆਦਾ ਨੀਵੀਂ ਅਤੇ ਨਾ ਹੀ ਜਿਆਦਾ ਉੱਚੀ ਹੁੰਦੀ ਹੈ ਅਰਥਾਤ ਸਧਾਰਣ ਹੁੰਦੀ ਹੈ। ਇਸ ਸਪਤਕ ਦੇ ਸਵਰਾਂ ਦੀ ਪਹਿਚਾਨ ਲਈ ਇਹਨਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ ਜਿਵੇਂ :- ਰੇ ਗ ਮ ।

3. **ਤਾਰ ਸਪਤਕ** :- ਜਿਹੜੀ ਆਵਾਜ਼ ਜ਼ਿਆਦਾ ਉੱਚੀ ਅਤੇ ਤਿੱਖੀ ਹੁੰਦੀ ਹੈ ਉਹ ਤਾਰ ਸਪਤਕ ਦੀ ਆਵਾਜ਼ ਕਹਿਲਾਉਂਦੀ ਹੈ। ਇਹ ਮੱਧ ਸਪਤਕ ਦੀ ਆਵਾਜ਼ ਤੋਂ ਦੁਗਣੀ ਉੱਚੀ ਹੁੰਦੀ ਹੈ। ਇਹਨਾਂ ਸਵਰਾਂ ਦੀ ਪਹਿਚਾਨ ਦੇ ਲਈ ਸਵਰ ਲਿੱਪੀ ਪੱਦਤੀ ਅਨੁਸਾਰ ਸਵਰਾਂ ਦੇ ਉਪਰ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ ਜਿਵੇਂ :- ਰੇਂ, ਗਂ, ਮਂ।

******



ownloaded from https:// www.studiestoday.co

Downloaded from https:// www.studiestoday.com

# ਪਾਠ 6

# ਸਵਰ

**ਸਵਰ ਦੀ ਪਰਿਭਾਸ਼ਾ** :- ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਆਪਣੇ ਆਪ ਵਿੱਚ ਮਿੱਠੀ ਹੋਏ ਅਤੇ ਸੁਨਣ ਵਾਲਿਆਂ ਦੇ ਮਨ ਨੂੰ ਮੋਹੇ ਜਾਂ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸ਼ੁੱਧ ਸਵਰ** :- ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੇ ਰਹਿੰਦੇ ਹੋਣ ਉਹਨਾਂ ਨੂੰ ਸ਼ੁੱਧ ਸਵਰ ਕਹਿੰਦੇ ਹਨ। ਇਹਨਾਂ ਦੇ ਨਾਂ ਇਸ ਤਰ੍ਹਾਂ ਹਨ :-

| ਲੜ੍ਹੀ ਨੰ: | ਸਵਰਾਂ ਦੇ ਨਾਂ | ਉਚਾਰਣ ਵਿੱਚ ਸਵਰਾਂ ਦੇ ਨਾਂ |
|---|---|---|
| 1 | ਸ਼ੜਜ | ਸ |
| 2 | ਰਿਸ਼ਭ | ਰੇ |
| 3 | ਗੰਧਾਰ | ਗ |
| 4 | ਮੱਧਮ | ਮ |
| 5 | ਪੰਚਮ | ਪ |
| 6 | ਧੈਵਤ | ਧ |
| 7 | ਨਿਸ਼ਾਦ | ਨੀ |

ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹਨਾਂ ਨੂੰ ਪ੍ਰਾਕ੍ਰਿਤਿਕ ਸਵਰ ਵੀ ਕਹਿੰਦੇ ਹਨ।



Downloaded from https:// www.studiestoday.com

ownloaded from https:// www.studiestoday.co

## ਪਾਠ 7

# ਪੰਜ ਅਲੰਕਾਰ

(1)

1. ਆਰੋਹ – ਸਾ ਰੇ ਗਾ ਮਾ ਪਾ ਧਾ ਨੀ ਸਾਂ

ਦਾ ਰਾ ਦਾ ਰਾ ਦਾ ਰਾ ਦਾ ਰਾ

ਅਵਰੋਹ – ਸਾ ਨੀ ਧਾ ਪਾ ਮਾ ਗਾ ਰੇ ਸਾ

ਦਾ ਰਾ ਦਾ ਰਾ ਦਾ ਰਾ ਦਾ ਰਾ

(2)

2. ਆਰੋਹ – ਸਾਸਾ ਰੇਰੇ ਗਾਗਾ ਮਾਮਾ ਪਾਪਾ ਧਾਧਾ ਨੀਨੀ ਸਾਂਸਾਂ

ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ

ਅਵਰੋਹ – ਸਾਂਸਾਂ ਨੀਨੀ ਧਾਧਾ ਪਾਪਾ ਮਾਮਾ ਗਾਗਾ ਰੇਰੇ ਸਾਸਾ

ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ ਦਾਰਾ

(3)

3. ਆਰੋਹ – ਸਾਰੇਗਾ ਰੇਗਾਮਾ ਗਾਮਾਪਾ ਮਾਪਾਧਾ ਪਾਧਾਨੀ ਧਾਨੀਸਾਂ

ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ

ਅਵਰੋਹ – ਸਾਂਨੀਧਾ ਨੀਧਾਪਾ ਧਾਪਾਮਾ ਪਾਮਾਗਾ ਮਾਗਾਰੇ ਗਾਰੇਸਾ

ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ



ownloaded from https:// www.studiestoday.co

ownloaded from https:// www.studiestoday.co



| | | | | | |
|---|---|---|---|---|---|
| 4. ਆਰੋਹ – | ਸਾਰੇਗਾਮਾ | ਰੇਗਾਮਾਪਾ | ਗਾਮਾਪਾਧਾ | ਮਾਪਾਧਾਨੀ | ਪਾਧਾਨੀਸਾਂ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ – | ਸਾਂਨੀਧਾਪਾ | ਨੀਧਾਪਾਮਾ | ਧਾਪਾਮਾਗਾ | ਪਾਮਾਗਾਰੇ | ਮਾਗਾਰੇਸਾ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

(5)

| | | | | | |
|---|---|---|---|---|---|
| 5. ਆਰੋਹ – | ਸਾਰੇਸਾਰੇਗਾ | ਰੇਗਾਰੇਗਾਮਾ | ਗਾਮਾਗਾਮਾਪਾ | ਮਾਪਾਮਾਪਾਧਾ | ਪਾਧਾਪਾਧਾਨੀ |
| | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ |
| | ਧਾਨੀਧਾਨੀਸਾਂ | | | | |
| | ਦਾਰਾਦਾਰਾਦਾ | | | | |
| ਅਵਰੋਹ – | ਸਾਂਨੀਸਾਂਨੀਧਾ | ਨੀਧਾਨੀਧਾਪਾ | ਧਾਪਾਧਾਪਾਮਾ | ਪਾਮਾਪਾਮਾਗਾ | ਮਾਗਾਮਾਗਾਰੇ |
| | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ | ਦਾਰਾਦਾਰਾਦਾ |
| | ਗਾਰੇਗਾਰੇਸਾ | | | | |
| | ਦਾਰਾਦਾਰਾਦਾ | | | | |

* * * * * *

ownloaded from https:// www.studiestoday.co

ownloaded from https:// www.studiestoday.co

# ਪਾਠ 8

# ਤਾਲਾਂ (ਦਾਦਰਾ ਤੇ ਕਹਿਰਵਾ)

## ਤਾਲ ਕਹਿਰਵਾ

**ਤਾਲ ਦਾ ਪਰਿਚੈ** : ਤਾਲ ਕਹਿਰਵਾ 8 ਮਾਤਰਾਂ ਦੀ ਤਾਲ ਹੈ। ਇਸ ਦੇ ਚਾਰ-ਚਾਰ ਮਾਤਰਾਵਾਂ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ ਅਤੇ ਪੰਜਵੀਂ ਮਾਤਰਾ ਖਾਲੀ ਮੰਨਦੇ ਹਾਂ। ਇਸ ਤਾਲ ਦਾ ਪ੍ਰਯੋਗ ਸੁਗਮ ਤੇ ਸਰਲ ਸੰਗੀਤ ਅਰਥਾਤ ਸ਼ਬਦ, ਭਜਨ, ਗਜ਼ਲ, ਲੋਕਗੀਤ ਆਦਿ ਨਾਲ ਵਧੇਰੇ ਕੀਤਾ ਜਾਂਦਾ ਹੈ :-

| ਮੱਧ ਲੈਅ | ਤਾਲ ਕਹਿਰਵਾ | | | | ਇੱਕ ਗੁਣ | | | |
|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 |
| ਤਾਲ ਦੇ ਬੋਲ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |
| ਚਿੰਨ੍ਹ | X | | | | O | | | |

## ਤਾਲ ਦਾਦਰਾ

**ਤਾਲ ਦਾ ਪਰਿਚੈ** :- ਦਾਦਰਾ ਤਾਲ 6 ਮਾਤਰਾਂ ਦੀ ਤਾਲ ਹੈ। ਇਸ ਤਾਲ ਦੇ ਤਿੰਨ-ਤਿੰਨ ਮਾਤਰਾਵਾਂ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਦੇ ਸਮ ਜਾਂ ਪਹਿਲੀ ਤਾਲੀ ਅਤੇ ਚੌਥੀ ਮਾਤਰਾ ਖਾਲੀ ਮੰਨਦੇ ਹਾਂ। ਇਹ ਤਾਲ ਹਲਕੀਆਂ ਫੁਲਕੀਆਂ ਗਤਾਂ ਤੇ ਧੁਨਾਂ ਆਦਿ ਦੇ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ | ਤਾਲ ਦਾਦਰਾ | | | ਇੱਕ ਗੁਣ | | |
|---|---|---|---|---|---|---|
| ਮਾਤਰਾ | 1 | 2 | 3 | 4 | 5 | 6 |
| ਤਾਲ ਦੇ ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਚਿੰਨ੍ਹ | X | | | O | | |

ownloaded from https:// www.studiestoday.co

ownloaded from https:// www.studiestoday.co

# ਭਾਗ ਦੂਜਾ

# ਸੱਤਵੀਂ ਸ਼੍ਰੇਣੀ ਲਈ

ownloaded from https:// www.studiestoday.co

ownloaded from https:// www.studiestoday.co

## ਪਾਠ 1

# ਸਵਰ (ਸ਼ੁੱਧ, ਕੋਮਲ, ਤੀਵਰ)

ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਅਪਨੇ ਆਪ ਵਿੱਚ ਮਿੱਠੀ ਹੋਏ ਅਤੇ ਸੁਨਣ ਵਾਲਿਆਂ ਦੇ ਮਨਾਂ ਨੂੰ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸਵਰ ਦੋ ਤਰ੍ਹਾਂ ਦੇ ਹੁੰਦੇ ਹਨ :-**

1. ਅਚਲ ਸਵਰ
2. ਚਲ ਸਵਰ

1. **ਅਚਲ ਸਵਰ** :- ਜਿਹੜੇ ਸਵਰ ਆਪਣੀ ਨਿਸ਼ਚਿਤ ਜਗਾਂ ਤੇ ਸਥਿਰ ਰਹਿੰਦੇ ਹਨ ਉਹਨ੍ਹਾਂ ਨੂੰ ਅਚਲ ਸਵਰ ਕਹਿੰਦੇ ਹਨ, ਇਹ ਦੋ ਹਨ ਸ ਅਤੇ ਪ।

2. **ਚਲ ਸਵਰ** :- ਸ, ਪ ਨੂੰ ਛੱਡ ਕੇ ਬਾਕੀ ਦੇ ਸਵਰ ਜਿਹੜੇ ਆਪਣੀ ਜਗਾਂ ਤੋਂ ਉਪਰ ਜਾਂ ਨੀਚੇ ਵੱਲ ਹੋ ਜਾਣ ਉਹਨਾਂ ਨੂੰ ਚਲ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ 5 ਹਨ ਰੇ, ਗ, ਮੰ, ਧ, ਨੀ।

**ਸ਼ੁੱਧ ਸਵਰ** :- ਚਲ ਅਤੇ ਅਚਲ ਸਵਰਾਂ ਦੇ ਅਪਣੇ ਸ਼ੁੱਧ ਰੂਪ ਨੂੰ ਸ਼ੁੱਧ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ ਸੱਤ ਹਨ :- ਸਾ ਰੇ ਗ ਮ ਪ ਧ ਨੀ। ਸ਼ੁਧ ਸਵਰਾਂ ਦੀ ਪਹਿਚਾਨ ਲਈ ਇਹਨਾਂ ਸਵਰਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹ ਹਮੇਸ਼ਾ ਅਪਣੇ ਸਥਾਨ ਤੇ ਨਿਸ਼ਚਿਤ ਰਹਿੰਦੇ ਹਨ। ਇਹਨਾਂ ਨੂੰ 'ਪ੍ਰਕ੍ਰਿਤਿਕ ਸਵਰ' ਵੀ ਕਿਹਾ ਜਾਂਦਾ ਹੈ।

**ਕੋਮਲ ਸਵਰ** :- ਜਦੋਂ ਸ਼ੁੱਧ ਸਵਰਾਂ ਨੂੰ ਨਿਯਤ ਸਥਾਨ ਤੋਂ ਥੋੜਾ ਨੀਵਾਂ ਕੀਤਾ ਜਾਂਦਾ ਹੈ ਉਹਨਾਂ ਨੂੰ ਕੋਮਲ ਸਵਰ ਕਹਿੰਦੇ ਹਨ। ਇਹ ਸਿਰਫ ਚਾਰ ਹਨ ਰੇ ਗ ਧ ਨੀ। ਸਵਰ ਲਿਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰਾਂ ਦੇ ਥਲੇ ਇਕ ਛੋਟੀ-ਛੋਟੀ ਰੇਖਾ ਲਗਾਈ ਜਾਂਦੀ ਹੈ ਜਿਹੜੀ ਕੋਮਲ ਸਵਰਾਂ ਨੂੰ ਸੂਚਿਤ ਕਰਦੀ ਹੈ ਜਿਵੇਂ - ਰੇ ਗ ਧ ਨੀ।

ownloaded from https:// www.studiestoday.co

ownloaded from https:// www.studiestoday.co

**ਤੀਵਰ ਸਵਰ** :- ਜਦੋਂ ਸ਼ੁੱਧ ਮ ਦੀ ਆਵਾਜ਼ ਨੂੰ ਉਸਦੇ ਨੀਯਤ ਸਥਾਨ ਤੋਂ ਥੋੜਾ ਉੱਚਾ ਕੀਤਾ ਜਾਵੇ ਉਸਨੂੰ ਤੀਵਰ ਸਵਰ ਕਹਿੰਦੇ ਹਨ। ਸਵਰ ਲਿਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰ ਦੇ ਉਪਰ ਇੱਕ ਖੜੀ ਰੇਖਾ ਲਗਾਈ ਜਾਂਦੀ ਹੈ ਜਿਵੇਂ :- ਮ̍।

ਇਸ ਤਰ੍ਹਾਂ ਸ਼ੁਧ ਸਵਰ, ਕੋਮਲ ਸਵਰ ਅਤੇ ਤੀਵਰ ਸਵਰ ਮਿਲ ਕੇ ਕੁਲ 12 ਸਵਰ ਬਣਦੇ ਹਨ ਜਿਵੇਂ :-

ਸ, ਰੇ̱, ਰੇ, ਮ̍, ਗ̱, ਗ, ਮ, ਮ̍, ਪ, ਧ̱, ਧ, ਨੀ̱, ਨੀ।

* * * * * *

ownloaded from https:// www.studiestoday.co

ownloaded from https:// www.studiestoday.co

# ਪਾਠ 2

# ਨਾਦ

ਸਥਿਰ ਅੰਦੋਲਨ ਸੰਖਿਆ ਵਾਲੀ ਮਧੁਰ ਧਵਨੀ ਜਿਸ ਦਾ ਪ੍ਰਯੋਗ ਸੰਗੀਤ ਵਿੱਚ ਕੀਤਾ ਜਾਵੇ ਉਸ ਨੂੰ ਨਾਦ ਕਹਿੰਦੇ ਹਨ। ਨਾਦ ਦਾ ਅਰਥ ਹੈ-'ਆਵਾਜ਼'।

ਨਾਦ ਦੇ ਦੋ ਰੂਪ ਮੰਨੇ ਜਾਂਦੇ ਹਨ :-

1. ਅਨਾਹਤ ਨਾਦ

2. ਆਹਤ ਨਾਦ

**ਅਨਾਹਤ ਨਾਦ :-** ਜਿਹੜੀ ਆਵਾਜ਼ ਬਿਨਾਂ ਕਿਸੇ ਅਘਾਤ ਜਾਂ ਚੋਟ ਤੋਂ ਪੈਦਾ ਹੋਏ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਜਿਵੇਂ- ਜੇਕਰ ਅਸੀਂ ਆਪਣੀਆਂ ਉਂਗਲੀਆਂ ਨੂੰ ਕੰਨਾਂ ਵਿੱਚ ਪਾਈਏ ਅਤੇ ਜਿਹੜੀ ਸਾਂ-ਸਾਂ ਜਾਂ ਸਨਸਨਾਹਟ ਸੁਣਾਈ ਦਿੰਦੀ ਹੈ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਇਹ ਧੁਨੀ ਸੰਗੀਤ ਉਪਯੋਗੀ ਨਹੀਂ ਹੈ ਇਹ ਸਿਰਫ ਯੋਗ ਸਾਧਨਾ ਦੇ ਲਈ ਹੀ ਵਰਤੋਂ ਹੁੰਦੀ ਹੈ।

**ਆਹਤ ਨਾਦ :-** ਆਹਤ ਸ਼ਬਦ ਦਾ ਅਰਥ ਹੈ 'ਚੋਟ'। ਜਿਹੜੀ ਆਵਾਜ਼ ਕਿਸੀ ਸੱਟ (ਚੋਟ), ਰਗੜ, ਸਪਰਸ਼ ਆਦਿ ਤੋਂ ਪੈਦਾ ਹੋਵੇ, ਉਸ ਨੂੰ ਆਹਤ ਨਾਦ ਕਹਿੰਦੇ ਹਨ। ਇਸ ਨੂੰ ਸੰਗੀਤ ਉਪਯੋਗੀ ਧੁਨੀ ਕਿਹਾ ਜਾ ਸਕਦਾ ਹੈ।

**ਇਸ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ :**

1. ਜਦੋਂ ਕਿਸੀ ਵਸਤੂ ਨੂੰ ਕਿਸੀ ਦੂਜੀ ਵਸਤੂ ਨਾਲ ਅਘਾਤ ਜਾਂ ਚੋਟ ਕੀਤੀ ਜਾਵੇ ਜਿਵੇਂ - ਤਬਲਾ 'ਢੋਲਕ' ਨਗਾੜਾ ਆਦਿ ਹੱਥ ਆਦਿ ਦੀ ਚੋਟ ਤੋਂ ਜਿਹੜੀ ਆਵਾਜ਼ ਪੈਦਾ ਹੋਵੇ ਉਸ ਨੂੰ ਆਹਤ ਨਾਦ ਕਹਿੰਦੇ ਹਨ।



ownloaded from https:// www.studiestoday.co

ownloaded from https:// www.studiestoday.co

2. ਜਦੋਂ ਕਿਸੀ ਸੰਘਰਸ਼ ਜਾਂ ਰਗੜ ਨਾਲ ਜਿਹੜੀ ਆਵਾਜ਼ ਨਿਕਲੇ ਜਿਵੇਂ ਵਾਇਲਨ, ਸਾਂਰੰਗੀ ਆਦਿ (ਗਜ) ਨਾਲ ਸਿਤਾਰ ਤੇ ਮਿਜ਼ਰਾਵ ਨਾਲ, ਉਸ ਨੂੰ ਆਹਤ ਨਾਦ ਕਹਿੰਦੇ ਹਨ।
3. ਜਦੋਂ ਕਿਸੇ ਵਸਤੂ ਵਿੱਚ ਹਵਾ ਪ੍ਰਵੇਸ਼ ਕਰਦੀ ਹੈ ਜਾਂ ਸਪਰਸ਼ ਕਰਦੀ ਹੈ। ਜਿਵੇਂ ਸ਼ਹਿਨਾਈ, ਬੀਨ, ਬੰਸਰੀ, ਹਾਰਮੋਨਿਯਮ ਆਦਿ ਹਵਾ ਤੋਂ ਅਤੇ ਇਸੇ ਤਰ੍ਹਾਂ ਮਨੁੱਖ ਦੇ (ਕੰਠ) ਵਿੱਚ ਹਵਾ ਪ੍ਰਵੇਸ਼ ਕਰਕੇ ਗਲੇ ਦੀਆਂ ਮਾਸਪੇਸ਼ੀਆਂ ਨਾਲ ਕੰਬਿਤ ਹੁੰਦੀ ਹੈ ਉਹ ਆਵਾਜ਼ ਆਹਤ ਨਾਦ ਕਹਲਾਉਂਦੀ ਹੈ।

******

ownloaded from https:// www.studiestoday.co

ownloaded from https:// www.studiestoday.co

# ਪਾਠ 3

# ਭਾਸ਼ਾਵਾਂ

## ਵਾਦੀ ਸਵਰ

ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਵਿੱਚ ਕੁਝ ਅਜਿਹੇ ਸਵਰ ਹੁੰਦੇ ਹਨ ਜਿਸ ਤੋਂ ਰਾਗ ਦਾ ਸਵਰੂਪ ਕਾਇਮ ਕਰਨ ਵਿੱਚ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਰਾਗ ਦਾ ਵਿਸਤਾਰ ਕਰਦੇ ਹੋਏ ਅਜਿਹੇ ਸਵਰ ਜਿਨ੍ਹਾਂ ਦਾ ਪ੍ਰਯੋਗ ਵਾਰ-ਵਾਰ ਅਤੇ ਜਿਹਨਾਂ ਤੇ ਸਵਰਾਂ ਜ਼ਿਆਦਾ ਠਹਿਰਾਵ ਕੀਤਾ ਜਾਵੇ ਉਸ ਨੂੰ ਵਾਦੀ ਸਵਰ ਕਹਿੰਦੇ ਹਨ। ਵਾਦੀ ਸਵਰ ਦਾ ਸਭ ਤੋਂ ਜ਼ਿਆਦਾ ਪ੍ਰਯੋਗ ਹੋਣ ਕਾਰਨ ਇਸ ਨੂੰ ਜੀਵ ਸਵਰ ਅੰਸ਼ਸਵਰ, ਪ੍ਰਧਾਨ ਸਵਰ, ਮੁੱਖਸਵਰ ਅਤੇ ਰਾਗ ਦਾ ਰਾਜਾ ਸਵਰ ਆਦਿ ਨਾਮਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ ਅਤੇ ਇਸੇ ਕਰਕੇ ਰਾਗ ਦਾ ਆਰੰਭ ਅਤੇ ਸਮਾਪਤੀ ਇਸ ਵਾਦੀ ਸਵਰ ਤੇ ਹੁੰਦੀ ਹੈ ਜਿਵੇਂ ਰਾਗ ਭੁਪਾਲੀ ਵਿੱਚ ਵਾਦੀ ਸਵਰ ਗੰਧਾਰ (ਗ) ਹੈ।

## ਸਮਵਾਦੀ ਸਵਰ

ਰਾਗ ਦਾ ਦੂਜਾ ਮਹੱਤਵਪੂਰਣ ਸਵਰ 'ਸਮਵਾਦੀ ਕਹਿਲਾਉਂਦਾ' ਹੈ। ਇਸ ਦਾ ਪ੍ਰਯੋਗ ਵਾਦੀ ਸਵਰ ਤੋਂ ਘੱਟ ਅਤੇ ਬਾਕੀ ਸਵਰਾਂ ਤੋਂ ਜ਼ਿਆਦਾ ਹੁੰਦਾ ਹੈ। ਸਮਵਾਦੀ ਸਵਰ ਦਾ ਪਰਮ ਸਹਾਇਕ ਹੋਣ ਕਾਰਣ ਇਸ ਨੂੰ 'ਮੰਤਰੀ' ਦੀ ਉਪਾਧੀ ਦਿੱਤੀ ਗਈ ਹੈ ਜਿਵੇਂ ਭੁਪਾਲੀ ਰਾਗ ਵਿੱਚ ਸਮਵਾਦੀ ਸਵਰ ਧੈਵਤ (ਧ) ਹੈ।

## ਅਨੁਵਾਦੀ ਸਵਰ

ਰਾਗ ਵਿੱਚ ਸਿਰਫ ਵਾਦੀ ਸਮਵਾਦੀ ਇਹਨਾਂ ਦੋ ਸਵਰਾਂ ਤੇ ਰਾਗ ਦਾ ਸਵਰੂਪ ਨਹੀਂ ਬਣਦਾ। ਇਸ ਲਈ ਵਾਦੀ ਅਤੇ ਸਮਵਾਦੀ ਦੇ ਨਾਲ-ਨਾਲ ਅਨੁਵਾਦੀ ਸਵਰ ਰਾਗ ਵਿੱਚ ਹੋਣਾ ਅਤਿ ਜਰੂਰੀ ਹੈ। ਵਾਦੀ ਅਤੇ ਸਮਵਾਦੀ ਸਵਰਾਂ ਤੋਂ ਇਲਾਵਾ ਜਿਹੜੇ ਸਵਰ ਰਾਗ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਉਹਨਾਂ



ownloaded from https:// www.studiestoday.co

ownloaded from https:// www.studiestoday.co

ਨੂੰ ਸਮਵਾਦੀ ਸਵਰ ਕਹਿੰਦੇ ਹਨ ਜਿਵੇਂ -ਇੱਕ ਰਾਜ ਵਿੱਚ ਇੱਕ ਰਾਜੇ ਅਤੇ ਮੰਤਰੀ ਤੋਂ ਇਲਾਵਾ ਪਰਜਾ ਦਾ ਹੋਣਾ ਜ਼ਰੂਰੀ ਹੈ ਉਸੇ ਤਰ੍ਹਾਂ ਇਕ ਰਾਗ ਵਿੱਚ ਵਾਦੀ ਸਮਵਾਦੀ ਤੋਂ ਇਲਾਵਾ ਅਨੁਵਾਦੀ ਸਵਰਾਂ ਦਾ ਵੀ ਉਨਾਂ ਹੀ ਮਹੱਤਵ ਹੈ ਜਿਵੇਂ ਕਿ ਭੁਪਾਲੀ ਰਾਗ ਵਿੱਚ ਗ, ਧ ਸੁਰ ਤੋਂ ਇਲਾਵਾ ਬਾਕੀ ਦੇ ਸਵਰ ਅਨੁਵਾਦੀ ਕਹਿਲਾਉਂਦੇ ਹਨ।

## ਵਿਵਾਦੀ ਸਵਰ

ਵਿਵਾਦੀ ਸਵਰ ਦਾ ਆਮਤੌਰ ਤੇ ਰਾਗ ਵਿੱਚ ਪ੍ਰਯੋਗ ਨਹੀਂ ਕੀਤਾ ਜਾਂਦਾ। ਇਹਨਾਂ ਦੇ ਪ੍ਰਯੋਗ ਤੋਂ ਰਾਗ ਦੀ ਸ਼ੁਧੱਤਾ ਜਾਂ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ ਪਰ ਇਹ ਸਵਰ ਰਾਗ ਵਿੱਚ ਉਸ ਦੀ ਸੁੰਦਰਤਾ ਅਤੇ ਰੰਜਕਤਾ ਵਧਾਉਣ ਲਈ ਬਹੁਤ ਥੋੜੇ ਸਮੇਂ ਲਈ ਉਚਿਤ ਸਥਾਨ ਤੇ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਦਾ ਪ੍ਰਯੋਗ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ ਨਹੀਂ ਤੇ ਰਾਗ ਦਾ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ। ਇਹਨ੍ਹਾਂ ਸਵਰਾਂ ਨੂੰ ਝਗੜਾਲੂ ਸਵਰਾਂ ਦੀ ਉਪਮਾ ਦਿੱਤੀ ਗਈ ਹੈ।

## ਵਰਜਿਤ ਸਵਰ

ਵਰਜਿਤ ਸਵਰ ਦਾ ਅਰਥ ਹੈ–'ਮਨਾਹੀ' ਜਿਨਾਂ ਸਵਰਾਂ ਦੀ ਰਾਗ ਵਿੱਚ ਪ੍ਰਯੋਗ ਕਰਨ ਦੀ ਬਿਲਕੁਲ ਮਨਾਹੀ ਹੋਵੇ ਅਰਥਾਤ ਵਰਜਿਤ ਹੋਣ ਉਹਨਾਂ ਨੂੰ ਵਰਜਿਤ ਸਵਰ ਕਹਿੰਦੇ ਹਨ ਜਿਵੇਂ ਭੁਪਾਲੀ ਰਾਗ ਵਿੱਚ ਮ ਅਤੇ ਨੀ ਵਰਜਿਤ ਸਵਰ ਹਨ। ਵਿਵਾਦੀ ਸਵਰ ਰਾਗ ਵਿੱਚ ਕੱਦੇ ਕੱਦੇ ਸੁੰਦਰਤਾ ਦੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਪਰੰਤੂ ਵਰਜਿਤ ਸਵਰ ਕਦੇ ਵੀ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਕਿਸੇ ਇਕ ਰਾਗ ਦਾ ਵਰਜਿਤ ਸਵਰ ਕਿਸੇ ਦੂਸਰੇ ਰਾਗ ਦਾ ਵਾਦੀ ਜਾਂ ਸਮਵਾਦੀ ਹੋ ਸਕਦਾ ਹੈ।

******



ownloaded from https:// www.studiestoday.co

ownloaded from https:// www.studiestoday.co

# ਪਾਠ 4

# ਰਾਗ, ਰਾਗ ਦੇ ਨਿਯਮ

ਰਾਗ ਸ਼ਬਦ ਦਾ ਜਨਮ 'ਰੰਜੂ' ਧਾਤੂ ਤੋਂ ਮੰਨਿਆ ਗਿਆ ਹੈ ਜਿਸ ਦਾ ਅਰਥ ਹੈ 'ਪ੍ਰਸੰਨ ਕਰਨਾ'। ਉਹ ਆਵਾਜ (ਧੁਨੀ) ਜਿਹੜੀ ਸਵਰਾਂ ਅਤੇ ਵਰਣਾਂ ਨਾਲ ਸਜੀ ਹੋਵੇ ਅਤੇ ਮਨੁੱਖ ਦੇ ਮਨ ਨੂੰ ਅਨੰਦਿਤ ਕਰੇ ਅਤੇ ਜਿਸ ਵਿੱਚ ਘੱਟ ਤੋਂ ਘੱਟ ਪੰਜ ਅਤੇ ਜ਼ਿਆਦਾ ਤੋਂ ਜ਼ਿਆਦਾ ਸੱਤ ਸਵਰ ਹੋਣ ਉਸ ਰਚਨਾ ਨੂੰ ਰਾਗ ਕਹਿੰਦੇ ਹਨ।

'ਅਭਿਨਵ ਰਾਗ ਮੰਜਰੀ' ਵਿੱਚ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ :-

"ਸਵਰ ਅਤੇ ਵਰਣ ਨਾਲ ਸਜੀ ਧੁਨੀ ਜਿਹੜੀ ਮਨੁੱਖ ਦੇ ਮੰਨ ਦਾ ਰੰਜਨ ਕਰੇ, ਰਾਗ ਕਹਲਾਉਂਦੀ ਹੈ।"

**ਰਾਗ ਦੇ ਨਿਯਮ :-**

1. ਰਾਗ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ।
2. ਰਾਗ ਵਿੱਚ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ।
3. ਰਾਗ ਵਿੱਚ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ ਹੈ।
4. ਰਾਗ ਵਿੱਚ 'ਮ' ਅਤੇ 'ਪ' ਸਵਰ ਦੋਵੇਂ ਇਕੱਠੇ ਵਰਜਿਤ ਨਹੀਂ ਹੁੰਦੇ। ਜੇਕਰ ਕਿਸੇ ਰਾਗ ਵਿੱਚ 'ਪ' ਸਵਰ ਵਰਜਿਤ ਹੈ ਤਾਂ 'ਮ' ਜਰੂਰ ਹੋਵੇਗਾ।



ownloaded from https:// www.studiestoday.co

ownloaded from https:// www.studiestoday.co

5. ਰਾਗ ਵਿੱਚ ਆਰੋਹ, ਅਵਰੋਹ, ਥਾਟ, ਜਾਤੀ, ਵਾਦੀ, ਸਮਵਾਦੀ, ਪਕੜ ਸਮਾਂ ਆਦਿ ਦਾ ਹੋਣਾ ਜ਼ਰੂਰੀ ਹੈ।
6. ਰਾਗ ਕਿਸੀ ਥਾਟ ਤੋਂ ਉਤਪੱਨ ਹੋਣਾ ਚਾਹੀਦਾ ਹੈ।
7. ਰਾਗ ਵਿੱਚ ਸਵਰ ਦੇ ਦੋਨੋਂ ਰੂਪ (ਕੋਮਲ, ਤੀਵਰ) ਇੱਕਠੇ ਪ੍ਰਯੋਗ ਨਹੀਂ ਕੀਤੇ ਜਾਂਦੇ।
8. ਰਾਗ ਵਿੱਚ ਸਵਰ ਕ੍ਰਮ ਅਨੁਸਾਰ ਨਹੀਂ ਹੁੰਦੇ।
9. ਰਾਗ ਗਾਏ ਵਜਾਏ ਜਾਂਦੇ ਹਨ।

* * * * * *



ownloaded from https:// www.studiestoday.co

wnloaded from https:// www.studiestoday.co

# ਪਾਠ 5

# ਪਕੜ

ਉਹ ਸਵਰ-ਸਮੂਹ ਜਿਸ 'ਤੋਂ' ਕਿਸੀ ਰਾਗ ਦੀ ਪਹਿਚਾਣ ਹੋਵੇ, ਬੋਧ ਹੋਵੇ ਉਸ ਨੂੰ ਪਕੜ ਕਹਿੰਦੇ ਹਨ, ਜਿਵੇਂ ਭੂਪਾਲੀ ਰਾਗ ਦੀ ਪਕੜ ਹੈ :- ਪ ਗ, ਰੇ ਗ, ਸ ਰੇ, ਧ਼ ਸ। ਪਕੜ ਰਾਗ ਦੇ ਆਰੋਹ ਅਵਰੋਹ ਦੇ ਬਾਅਦ ਗਾਈ ਜਾਂ ਵਜਾਈ ਜਾਂਦੀ ਹੈ। ਹਰੇਕ ਰਾਗ ਦੀ ਪਕੜ ਅਲਗ-ਅਲਗ ਹੁੰਦੀ ਹੈ। ਗਾਉਣ-ਵਜਾਉਣ ਸਮੇਂ ਰਾਗ ਦੀ ਪਕੜ ਰਾਗ ਵਿੱਚ ਵਾਰ-ਵਾਰ ਪ੍ਰਯੋਗ ਕਰਦੇ ਹਨ, ਪਕੜ ਨੂੰ ਰਾਗ ਦਾ ਮੁੱਖ ਅੰਗ ਵੀ ਕਹਿੰਦੇ ਹਨ।

**ਜਿਵੇਂ ਰਾਗ ਭੂਪਾਲੀ ਦੀ ਪਕੜ ਹੈ :-**

ਸਾ ਰੇ, ਸਾ, ਸਾ ਧ਼ਾ ਸਾ ਰੇ ਗਾ, ਪਾ ਗ, ਧਪ ਗ ਰੇ ਸਾ।

ਇਸ ਤਰ੍ਹਾਂ ਵਿਦਿਆਰਥੀ ਇਸ ਸੁਰ ਸੰਗਤੀ ਤੋਂ ਝੱਟ ਪਹਿਚਾਨ ਲੈਣਗੇ ਕਿ ਇਹ ਭੂਪਾਲੀ ਰਾਗ ਹੈ।

* * * * * *



wnloaded from https:// www.studiestoday.co

wnloaded from https:// www.studiestoday.co

# ਪਾਠ 6

# ਸ਼ਰੁਤੀ

ਉਹ ਸੂਖਮ ਆਵਾਜ਼ ਜਿਸ ਨੂੰ ਅਸੀਂ ਸਪਸ਼ਟ ਰੂਪ ਤੋਂ ਸੁਣ ਕੇ ਸਮਝ ਸਕਣ ਅਤੇ ਅਲਗ ਤੋਂ ਪਹਿਚਾਨ ਸਕਣ ਉਸ ਨੂੰ ਸ਼ਰੁਤੀ ਕਹਿੰਦੇ ਹਨ।

ਸ਼ਾਸ਼ਤਰਕਾਰਾਂ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਹੈ :-

**'ਸ਼ਰੂ ਅਤੇ ਇਤੀ ਸ਼ਰੁਤੀ'**

ਅਰਥਾਤ ਜਿਸ ਨੂੰ ਅਸੀਂ ਸੁਣ ਸਕੀਏ ਅਤੇ ਸਮਝ ਲਈਏ ਉਸ ਨੂੰ ਸ਼ਰੁਤੀ ਕਹਿੰਦੇ ਹਨ। 'ਅਭਿਨਵ ਰਾਗ ਮੰਜਰੀ' ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਗਈ ਹੈ,"ਉਹ ਆਵਾਜ਼ ਜਿਹੜੀ ਗੀਤ ਵਿੱਚ ਪ੍ਰਯੋਗ ਕੀਤੀ ਜਾ ਸਕੇ ਅਤੇ ਇਕ ਦੂਜੇ ਤੋਂ ਅਲਗ ਪਹਿਚਾਨੀ ਜਾ ਸਕੇ ਉਸ ਨੂੰ ਸ਼ਰੁਤੀ ਕਹਿੰਦੇ ਹਨ।" ਜਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਸ਼ਰੁਤੀ ਉਹ ਧੁਨੀ ਹੈ ਜਿਹੜੀ ਸੰਗੀਤ ਲਈ ਉਪਯੋਗੀ ਹੋਵੇ, ਕੰਨਾ ਨੂੰ ਸਾਫ-ਸਾਫ ਸੁਣਾਈ ਦੇਵੇ, ਇੱਕ ਦੂਜੇ ਤੋਂ ਅਲੱਗ ਪਛਾਣੀ ਜਾ ਸਕੇ ਸੁਨਣ ਵਿੱਚ ਮਧੁਰ ਹੋਵੇ। ਬਾਈ ਸ਼ਰੁਤੀਆਂ ਦੇ ਨਾਂ ਹੇਠ ਲਿਖੇ ਹਨ :

1. ਤੀਵਰਾ
2. ਕੁਮੁਦਵਤੀ
3. ਮੰਦਾ
4. ਛੰਦੋਵਤੀ
5. ਦਯਾਵਤੀ
6. ਰੰਜਨੀ
7. ਰਕਤਿਕਾ
8. ਰੌਦ੍ਰੀ
9. ਕ੍ਰੋਧੀ
10. ਵਜਰਿਕਾ
11. ਪ੍ਰਸਾਰਿਣੀ
12. ਪ੍ਰੀਤੀ
13. ਮਾਰਜਨੀ
14. ਕਸ਼ਿਤੀ



wnloaded from https:// www.studiestoday.co

wnloaded from https:// www.studiestoday.c

15. ਰਕਤਾ
16. ਸੰਦੀਪਨੀ
17. ਅਲਾਪਨੀ
18. ਮਦੰਤੀ
19. ਰੋਹਿਣੀ
20. ਰੰਭਾ
21. ਉਗਰਾ
22. ਕਸ਼ੋਭਣੀ

ਇਹਨਾਂ ਬਾਈ ਸ਼ਰੂਤੀਆਂ ਦਾ ਗਾਉਣ ਵਜਾਉਣ ਵਿੱਚ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਹਨਾਂ 22 ਸ਼ਰੂਤੀਆਂ ਵਿੱਚੋਂ ਸੱਤ ਨੂੰ ਚੁਣਿਆ ਗਿਆ ਹੈ ਅਤੇ ਇਹਨਾਂ ਦਾ ਨਾਂ 'ਸੁਰ' ਰੱਖਿਆ ਗਿਆ ਹੈ। ਭਾਰਤੀ ਸੰਗੀਤ ਇਹਨਾਂ ਸੱਤ ਸੁਰਾਂ 'ਤੇ ਹੀ ਅਧਾਰਿਤ ਹੈ।

* * * * * *



wnloaded from https:// www.studiestoday.c

wnloaded from https:// www.studiestoday.co

## ਪਾਠ 7

# ਪੰ: ਵਿਸ਼ਣੂ ਨਰਾਇਣ ਭਾਤਖੰਡੇ ਜੀ


ਚਿੱਤਰ-(1)

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਨੇ ਸੰਗੀਤ ਕਲਾ ਦੀ ਉੱਨਤੀ ਵਾਸਤੇ ਇੱਕ ਸਤੰਭ ਦੀ ਭੂਮਿਕਾ ਨਿਭਾਈ। ਉਹਨਾਂ ਨੇ ਆਪਣਾ ਸਾਰਾ ਜੀਵਨ ਸੰਗੀਤ ਕਲਾ ਦੀ ਨਿਸ਼ਕਾਮ ਸੇਵਾ ਕਰਦੇ ਹੋਏ ਹਮੇਸ਼ਾ ਦੇ ਲਈ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਆਪਣਾ ਨਾਂ ਅੰਕਿਤ ਕਰ ਦਿੱਤਾ। ਸੰਗੀਤ ਜਗਤ ਉਹਨਾਂ ਦੇ ਬਹੁਮੁੱਲ ਕੰਮਾਂ ਦੇ ਲਈ ਸਦਾ ਦੇ ਲਈ ਰਿਣੀ ਰਹੇਗਾ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਜਨਮ 10 ਅਗਸਤ ਸੰਨ 1860 ਈ. ਨੂੰ ਬੰਬਈ ਪ੍ਰਾਂਤ ਦੇ ਬਾਲਕੇਸ਼ਵਰ ਨਾਮਕ ਸਥਾਨ ਵਿੱਚ ਕ੍ਰਿਸ਼ਣ ਜਨਮ ਅਸ਼ਟਮੀ ਵਾਲੇ ਦਿਨ ਹੋਇਆ ਸੀ। ਉਹਨਾਂ ਨੇ ਆਪਣੇ ਪਿਤਾ ਤੋਂ ਜਿਨਾਂ ਨੂੰ ਸੰਗੀਤ ਨਾਲ ਖਾਸ ਪ੍ਰੇਮ ਸੀ, ਸੰਗੀਤ ਸਿਖਣ ਦੀ ਪ੍ਰੇਰਣਾ ਮਿਲੀ। ਆਪ ਸਕੂਲੀ ਸਿੱਖਿਆ ਦੇ ਨਾਲ-ਨਾਲ ਸੰਗੀਤ ਸਿੱਖਿਆ ਵੀ ਗ੍ਰਹਿਣ ਕਰਦੇ ਰਹੇ। ਸਿਤਾਰ, ਗਾਇਨ ਅਤੇ ਬੰਸਰੀ ਦੀ ਸਿੱਖਿਆ ਲਈ ਅਤੇ ਤਿੰਨਾ 'ਤੇ ਚੰਗਾ ਅਭਿਆਸ ਕੀਤਾ। ਸੇਠ ਬਲੱਭਦਾਸ ਤੋਂ ਸਿਤਾਰ, ਗੁਰੂ ਰਾਵ ਬੂਆ ਬੇਲਬਾਥਕਰ, ਜੈਪੁਰ ਤੋਂ ਮੁਹਮੰਦ ਅਲੀ ਖਾਂ, ਗਵਾਲਿਅਰ ਦੇ ਪੰ: ਏਕਨਾਥ ਆਦਿ ਗੁਰਜਨਾਂ ਤੋਂ ਗਾਇਨ ਦੀ ਸਿੱਖਿਆ ਲਈ। ਸੰਨ 1883 ਵਿੱਚ ਬੀ.ਏ., ਸੰਨ 1890 ਵਿੱਚ ਐਲ.ਐਲ.ਬੀ. ਦੀ ਪ੍ਰੀਖਿਆ ਪਾਸ ਕੀਤੀ। ਕੁਝ ਸਮੇਂ ਤੱਕ ਆਪ ਆਪਨੇ ਵਕਾਲਤ ਕੀਤੀ ਪਰ ਇਸ ਸੰਗੀਤ ਦੇ ਮਹਾਨ ਪ੍ਰੇਮੀ ਦਾ ਮਨ ਵਕਾਲਤ ਵਿੱਚ ਨਹੀਂ ਲਗਾ।



wnloaded from https:// www.studiestoday.co

wnloaded from https:// www.studiestoday.c

ਸੰਨ 1904 ਵਿੱਚ ਭਾਤਖੰਡੇ ਜੀ ਨੇ ਪਹਿਲੀ ਸੰਗੀਤ ਯਾਤਰਾ ਕੀਤੀ। ਉਹਨਾਂ ਨੇ ਸਭ ਤੋਂ ਪਹਿਲਾਂ ਦੱਖਣ ਦੀ ਯਾਤਰਾ ਕੀਤੀ। ਉਥੇ ਉਹਨਾਂ ਨੇ ਬੜੇ-ਬੜੇ ਸੰਗੀਤਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਦੁਰਲਭ ਪ੍ਰਾਚੀਨ ਸੰਸਥਾ ਦਾ ਅਧਿਐਨ ਕੀਤਾ। ਇਸ ਤੋਂ ਬਾਅਦ ਉੱਤਰੀ ਭਾਰਤ ਦਾ ਦੌਰਾ ਕੀਤਾ ਅਤੇ ਉੱਥੇ ਗਿਆਨ ਗੋਸ਼ਠੀਆਂ ਕੀਤੀਆਂ ਅਤੇ ਪ੍ਰਾਚੀਨ ਗ੍ਰੰਥਾਂ ਦਾ ਅਧਿਅਨ ਕੀਤਾ। ਭਿੰਨ-ਭਿੰਨ ਰਾਗਾਂ ਦੇ ਬਹੁਤ ਸਾਰੇ ਗੀਤ ਇਕੱਠੇ ਕੀਤੇ ਅਤੇ ਉਹਨਾਂ ਦੀਆਂ ਸਵਰ ਲਿਪੀਆਂ ਭਾਤਖੰਡੇ ਕ੍ਰਮਿਕ ਪੁਸਤਕ 6' ਭਾਗਾਂ ਵਿੱਚ ਸੰਗ੍ਰਿਹਿਤ ਕਰਕੇ ਸੰਗੀਤ ਦੇ ਲਈ ਅਥਾਹ ਭੰਡਾਰ ਇਕੱਠਾ ਕੀਤਾ।

ਕਿਰਿਆਤਮਕ ਸੰਗੀਤ ਨੂੰ ਲਿੱਪੀਬੱਧ ਕਰਨ ਲਈ ਭਾਤਖੰਡੇ ਜੀ ਨੇ ਸਰਲ ਅਤੇ ਨਵੀਨ ਸਵਰਲਿਪੀ ਦੀ ਪੱਦਤੀ ਦੀ ਰਚਨਾ ਕੀਤੀ ਜਿਹੜੀ ਭਾਤਖੰਡੇ ਸਵਰਲਿਪੀ ਪੱਦਤੀ ਦੇ ਨਾਂ ਨਾਲ ਪ੍ਰਸਿੱਧ ਹੈ। ਰਾਗ ਵਰਗੀਕਰਣ ਇਕ ਨਵੀਨ ਪ੍ਰਕਾਰ ਥਾਟ-ਰਾਗ ਵਰਗੀਕਰਣ ਨੂੰ ਪ੍ਰਚਾਰਿਤ ਕਰਨ ਦਾ ਸੇਹਰਾ ਭਾਤਖੰਡੇ ਜੀ ਨੂੰ ਹੀ ਹੈ। ਉਹਨਾਂ ਨੇ ਵਿਗਿਆਨਿਕ ਢੰਗ ਨਾਲ ਸਾਰੇ ਰਾਗਾਂ ਨੂੰ 10 ਥਾਟਾਂ ਵਿੱਚ ਵਿਭਾਜਿਤ ਕੀਤਾ।

ਜਿਸ ਸਮੇਂ ਭਾਰਤ ਵਿੱਚ ਰੇਡੀਓ ਦਾ ਪ੍ਰਚਾਰ ਨਹੀਂ ਸੀ ਉਸ ਵਕਤ ਭਾਤਖੰਡੇ ਜੀ ਨੇ ਸੰਨ 1916 ਵਿੱਚ ਬੜੋਦਾ ਨਰੇਸ਼ ਦੀ ਮਦਦ ਨਾਲ ਇਕ ਵਿਸ਼ਾਲ ਸੰਗੀਤ ਸੰਮੇਲਨ ਕਰਵਾਇਆ। ਇਹਨਾਂ ਨੇ ਕਈ ਸੰਗੀਤ ਵਿਦਿਆਲਿਆਂ ਦੀ ਸਥਾਪਨਾ ਕੀਤੀ। ਉਹਨਾਂ ਵਿੱਚੋਂ ਕੁਝ ਮੁੱਖ ਹਨ ਜਿਵੇਂ ਮੈਰਿਸ ਮਿਊਜ਼ਿਕ ਕਾਲਜ ਲਖਨਊ, ਮਾਧਵ ਸੰਗੀਤ ਵਿਦਿਆਲਾ ਗਵਾਲਿਅਰ, ਮਿਊਜ਼ਿਕ ਕਾਲਜ ਬੜੋਦਾ।

ਉਹਨਾਂ ਨੇ ਕਈ ਪੁਸਤਕਾਂ ਦੀ ਰਚਨਾ ਵੀ ਕੀਤੀ ਜਿਵੇਂ ਹਿੰਦੁਸਤਾਨੀ ਸੰਗੀਤ ਪਦੱਤੀ (ਕ੍ਰਮਿਕ ਪੁਸਤਕ ਮਾਲਿਕਾ 6 ਭਾਗਾਂ ਵਿੱਚ) ਭਾਤਖੰਡੇ ਸੰਗੀਤ ਸ਼ਾਸ਼ਤਰ 4 ਭਾਗਾਂ ਵਿੱਚ, ਅਭਿਨਵ ਰਾਗ ਮੰਜਰੀ, ਲਕਸ਼ਿਅ ਸੰਗੀਤ, ਸਵਰ ਮਾਲਿਕਾ ਆਦਿ।



wnloaded from https:// www.studiestoday.c

wnloaded from https:// www.studiestoday.c

ਇਸ ਤੋਂ ਇਲਾਵਾ ਪੰਡਿਤ ਜੀ ਨੇ ਅਨੇਕ ਖਿਆਲ ਗੀਤਾਂ ਦੀ ਰਚਨਾ 'ਹਰਰੰਗ' ਉਪਨਾਮ ਤੋਂ 250 ਦੇ ਲਗਭਗ ਲਕਸ਼ਣ ਗੀਤਾਂ ਦੀ ਰਚਨਾ 'ਚਤੁਰ' ਉਪਨਾਮ ਤੋਂ ਕੀਤੀ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਦੇਹਾਂਤ 19 ਸਤੰਬਰ ਸੰਨ 1938 ਈ. ਵਿੱਚ ਹੋਇਆ।

ਸੰਗੀਤ ਸ਼ਾਸ਼ਤਰ, ਕਿਰਿਆਤਮਕ ਸੰਗੀਤ, ਖੋਜ ਪ੍ਰਚਾਰ ਅਤੇ ਸੰਗੀਤ ਸਿੱਖਿਆ ਹਰੇਕ ਖੇਤਰ ਵਿੱਚ ਭਾਤਖੰਡੇ ਜੀ ਨੇ ਸ਼ਲਾਘਾਯੋਗ ਕੰਮ ਕੀਤਾ।

ਇਸ ਮਹਾਨ ਸੰਗੀਤਕਾਰ ਨੇ ਆਪਣਾ ਸਾਰਾ ਜੀਵਨ ਸੰਗੀਤ ਦੇ ਲਈ ਜਿਨ੍ਹਾਂ ਕੰਮ ਕੀਤਾ ਉਸ ਦੀ ਕੋਈ ਹੋਰ ਉਦਾਹਰਣ ਮਿਲਣੀ ਬਹੁਤ ਕਠਿਨ ਹੈ।

******



wnloaded from https:// www.studiestoday.c

wnloaded from https:// www.studiestoday.c

# ਪਾਠ 8

# ਸਿਤਾਰ ਵਜਾਣ ਦੇ ਵਿਸ਼ੇਸ਼ ਸੰਕੇਤ

ਸਿਤਾਰ ਦਾ ਚਿੱਤਰ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ ਉਸ ਨੂੰ ਦੇਖ ਕੇ ਸਮਝ ਕੇ ਸੰਕੇਤ ਪੜੇ ਜਾਣ।

ਮਿਜ਼ਰਾਬ ਦੇ ਬੋਲਾਂ ਨੂੰ ਨਿਕਾਲਦੇ ਸਮੇਂ ਇਹ ਧਿਆਨ ਰਖਨਾ ਜਰੂਰੀ ਹੈ ਕਿ ਜਿਸ ਤਾਰ ਤੇ ਅਸੀਂ ਮਿਜ਼ਰਾਬ ਲਗਾ ਰਹੇ ਹਾਂ ਉਸ ਤਾਰ ਦੀ ਧਵਨੀ ਬਾਕੀ ਤਾਰਾਂ ਤੋਂ ਪ੍ਰਬਲ ਹੋਣੀ ਚਾਹੀਦੀ ਹੈ ਕਿਉਂਕਿ ਬਾਜ਼ ਦੀ ਤਾਰ ਤੋਂ ਇਲਾਵਾ ਬਾਕੀ ਤਾਰਾਂ ਸਿਰਫ ਸਹਾਇਕ ਅਤੇ ਗੂੰਜ ਦੇਣ ਦੇ ਲਈ ਹੁੰਦੀਆਂ ਹਨ ਸਿਰਫ ਚਿਕਾਰੀ ਦੀ ਤਾਰ ਨੂੰ ਛੱਡ ਕੇ।

ਸਿਤਾਰ ਵਿੱਚ ਮਿਜ਼ਰਾਬ ਦੇ ਬੋਲਾਂ ਦਾ ਇੱਕ ਮਹਤੱਵਪੂਰਣ ਸਥਾਨ ਹੈ। ਇਸ ਲਈ ਵਿਦਿਆਰਥੀਆਂ ਨੂੰ ਮਿਜ਼ਰਾਬ ਦੇ ਬੋਲਾਂ ਦਾ ਧਿਆਨ ਰਖਦੇ ਹੋਏ ਹੱਥ ਚਲਾਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਆਪਣੇ ਸਾਜ਼ ਦਾ ਠੀਕ ਢੰਗ ਨਾਲ ਪਕੜਨ ਅਤੇ ਆਪਣੇ ਸਾਜ਼ ਨੂੰ ਲੈ ਕੇ ਬੈਠਣ ਦਾ ਠੀਕ ਢੰਗ ਆਪਣੇ ਅਧਿਆਪਕ ਤੋਂ ਸਿਖਣਾ ਚਾਹੀਦਾ ਹੈ।

1. ਮਿਜ਼ਰਾਬ ਤੋਂ ਬੋਲ ਨਿਕਾਲਨ ਦਾ ਤਰੀਕਾ (ਵਿਧੀ)

ਸਿਤਾਰ ਦੇ ਮੁੱਖ ਦੋ ਬੋਲ ਹਨ, ਦਾ ਅਤੇ ਰਾ। ਇਹਨਾਂ ਦੇ ਅਲੱਗ-ਅਲੱਗ ਵਜਾਣ ਦੇ ਤਰੀਕੇ ਨਾਲ ਅਲੱਗ-ਅਲੱਗ ਬੋਲ ਨਿੱਕਲਦੇ ਹਨ।

ਜਿਵੇਂ-

(1) ਦਾ :- ਜਦੋਂ ਮਿਜ਼ਰਾਬ ਬਾਹਰ ਤੋਂ ਅੰਦਰ ਵੱਲ ਆਪਣੇ ਵੱਲ ਲਿਆਂਦੇ ਹੋਏ ਤਾਰ ਤੇ ਪ੍ਰਹਾਰ ਕਰਦੇ ਹਨ ਤਾਂ 'ਦਾ' ਦਾ ਬੋਲ ਨਿਕਲਦਾ ਹੈ। ਇਸ ਪ੍ਰਹਾਰ ਨੂੰ ਆਕਰਸ਼ ਪ੍ਰਹਾਰ ਕਹਿੰਦੇ ਹਨ।



wnloaded from https:// www.studiestoday.c

wnloaded from https:// www.studiestoday.c

(2) ਰਾ :- ਇਸ ਦੇ ਉਲਟ ਜਦੋਂ ਬਾਜ ਦੀ ਤਾਰ ਤੇ ਚੋਟ ਕਰਦੇ ਹੋਏ ਉਂਗਲੀ ਅੰਦਰ ਤੋਂ ਬਾਹਰ ਜਾਂਦੀ ਹੈ ਤਾਂ 'ਰਾ' ਦਾ ਬੋਲ ਨਿਕਲਦਾ ਹੈ। ਇਸ ਨੂੰ ਅਪਕਰਸ਼ ਪ੍ਰਹਾਰ ਕਹਿੰਦੇ ਹਨ।

(3) ਦਿਰ :- ਆਕਰਸ਼ ਅਤੇ ਅਪਕਰਸ਼ ਦਾ ਇਕੱਠਾ ਪ੍ਰਹਾਰ ਕਰਨ ਤੇ 'ਦਿਰ' ਬੋਲ ਨਿਕਲਦਾ ਹੈ।

(4) ਦਾਰ :- 'ਦਾ' ਵਜਾਣ ਤੋਂ ਬਾਅਦ ਰਾ ਦਾ ਅੱਧਾ ਸਮਾਂ ਛੱਡ ਦੇਣ ਤੇ ਬਾਕੀ ਅੱਧਾ ਸਮੇਂ ਵਿੱਚ 'ਰ' ਵਜਾਣ ਤੇ 'ਦਾਰ' ਦਾ ਬੋਲ ਨਿਕਲਦਾ ਹੈ। ਇਸ ਤੋਂ ਇਸ ਤਰ੍ਹਾਂ ਲਿਖਾਂਗੇ ਦਾ, ऽ ਰ।

(5) ਦ੍ਰਾ :- ਦਾ ਅਤੇ ਰਾ ਨੂੰ ਮਿਲਾ ਕੇ ਇਕੱਠਾ ਵਜਾਣ ਤੇ ਦ੍ਰਾ ਦਾ ਬੋਲ ਨਿਕਲਦਾ ਹੈ।

### ਅੰਲਕਾਰ-1

| | | | | | | | | |
|---|---|---|---|---|---|---|---|---|
| ਆਰੋਹ :- | ਸ | ਰੇ | ਗ | ਮ | ਪ | ਧ | ਨੀ | ਸਂ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਅਵਰੋਹ :- | ਸਂ | ਨੀ | ਧ | ਪ | ਮ | ਗ | ਰੇ | ਸ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |

### ਅੰਲਕਾਰ-2

| | | | | | | | | |
|---|---|---|---|---|---|---|---|---|
| ਆਰੋਹ :- | ਸਸ | ਰੇਰੇ | ਗਗ | ਮਮ | ਪਪ | ਧਧ | ਨੀਨੀ | ਸਂਸਂ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |
| ਅਵਰੋਹ :- | ਸਂਸਂ | ਨੀਨੀ | ਧਧ | ਪਪ | ਮਮ | ਗਗ | ਰੇਰੇ | ਸਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |

### ਅੰਲਕਾਰ-3

| | | | | | | |
|---|---|---|---|---|---|---|
| ਆਰੋਹ :- | ਸਰੇਗ | ਰੇਗਮ | ਗਮਪ | ਮਪਧ | ਪਧਨੀ | ਧਨੀਸਂ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |
| ਅਵਰੋਹ :- | ਸਂਨੀਧ | ਨੀਧਪ | ਧਪਮ | ਪਮਗ | ਮਗਰੇ | ਗਰੇਸ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | 'ਦਾਰਾਦਾ |



wnloaded from https:// www.studiestoday.c

wnloaded from https:// www.studiestoday.c

## ਪਾਠ 9

# ਰਾਗ ਭੁਪਾਲੀ

**ਸਾਧਾਰਨ ਪਰਿਚੈ :-** ਇਹ ਰਾਗ ਕਲਿਆਣ ਥਾਟ ਦਾ ਰਾਗ ਹੈ। ਇਸ ਵਿੱਚ ਮ, ਨੀ ਸੁਰ ਵਰਜਿਤ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਲਈ ਇਸ ਰਾਗ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਵਾਦੀ ਸੁਰ 'ਗ' ਸੰਵਾਦੀ ਸੁਰ 'ਧ' ਹੈ ਅਤੇ ਗਾਣ-ਵਜਾਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

ਥਾਟ : ਕਲਿਆਣ

ਵਾਦੀ : ਗ (ਗੰਧਾਰ)

ਸੰਵਾਦੀ : ਧ (ਧੈਵਤ)

ਵਰਜਿਤ ਸੁਰ : ਮ, ਨੀ

ਜਾਤੀ : ਔੜਵ-ਔੜਵ

ਸਮਾਂ : ਰਾਤ ਦਾ ਪਹਿਲਾ ਪਹਿਰ।

**ਆਰੋਹ :-** ਸਾ, ਰੇ, ਗਾ, ਪਾ, ਧਾ, ਸਾਂ।

**ਅਵਰੋਹ :-** ਸਾਂ, ਧਾ, ਪਾ, ਗਾ, ਰੇ, ਸਾ।

**ਪਕੜ :-** ਗਾ, ਰੇ, ਪਾ, ਗਾ, ਧਾ, ਪਾ, ਗਾ, ਰੇ, ਧ਼ਾ ਸਾ।

### ਅਲਾਪ

(1) ਸਾ ਸਾ, ਧ਼ਾ, ਸਾ ਸਾ, ਸਾ ਧ਼ਾ, ਸਾ ਰੇ ਗਾ, ਸਾ ਰੇ,
ਗਾ ਰੇ ਪਾ ਗਾ, ਪਾ ਗਾ ਧਾ ਪਾ ਗਾ, ਸਾ ਰੇ ਧ਼ਾ ਸਾ।

(2) ਸਾ, ਸਾ ਧ਼ਾ ਸਾ, ਰੇ, ਗਾ ਸਾ, ਗਾ, ਰੇ ਗਾ ਸਾ ਰੇ ਗਾ,
ਪਾ ਧਾ ਸਾ ਰੇ ਗਾ, ਗਾ ਪਾ ਧਾ ਪਾ ਗਾ, ਰੇ ਗਾ, ਰੇ ਸਾ।

(3) ਧ਼ਾ, ਸਾ ਰੇ ਗਾ, ਸਾ, ਰੇ ਸਾ ਗਾ ਰੇ ਸਾ, ਪ ਗ ਰੇ ਸਾ,
ਪਾ ਗਾ, ਧਾ ਪਾ ਗਾ, ਸਾ, ਧਾ ਪਾ ਗਾ, ਰੇ ਸਾ,
ਸਾ, ਧ਼ਾ, ਸ ਰੇ ਗਾ



wnloaded from https://www.studiestoday.c

wnloaded from https:// www.studiestoday.c

# ਰਾਗ ਭੁਪਾਲੀ (ਦਰੁੱਤ ਗੱਤ)

## (ਤਿੰਨ ਤਾਲ)

### ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | | ਧਾ | ਪਾਪਾ | ਗਾਗਾ | ਰੇਰੇ | ਗਾ | ਧਾਸਾ | ਸਾ | ਰੇ |
| | | | | | | | | ਦਾ | ਦਿਰ | ਦਿਰ | ਦਿਰ | ਦਾ | ਦਿਰ | ਦਾ | ਰਾ |
| ਗਾ | - | ਗਾ | ਰੇ | ਗਾ | ਪਾਧਾ | ਧਾ | ਪਾ | | | | | | | | |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | | | | | | | | |
| | | | | | | | | ਗਾ | ਗਾਗਾ | ਗਾ | ਰੇ | ਗਾ | ਪਾਪਾ | ਧਾ | ਪਾ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਾਂ | ਰੇਰੇ | ਸਾਂਸਾਂ | ਧਾਧਾ | ਪਾ - | ਗਾਰੇ | - ਰੇ | ਸਾਂ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗਾ | ਗਾਗਾ | ਪਾ | ਪਾ | ਸਾਂ | - | ਸਾਂ | ਸਾਂ |
| | | | | | | | | ਦਾ | ਦਿਰ | ਦਾ | ਰਾ | ਦਾ | ऽ | ਦਾ | ਰਾ |
| ਧਾ | ਸਾਂਸਾਂ | ਰੇਂਰੇਂ | ਰੇਂਰੇਂ | ਸਾਂ | ਸਾਂਧਾ | - ਧਾ | ਪਾ | | | | | | | | |
| ਦਾ | ਦਿਰ | ਦਿਰ | ਦਿਰ | ਦਾ | ਰਦਾ | ऽਰ | ਦਾ | | | | | | | | |
| | | | | | | | | ਪਾ | ਧਾਧਾ | ਸਾਂ | ਰੇਂ | ਗ | - | ਰੇ | ਸਾਂ |
| | | | | | | | | ਦਾ | ਦਿਰ | ਦਾ | ਰਾ | ਦਾ | ऽ | ਧ | ਗ |
| ਧਾ | ਸਾਂਸਾਂ | ਧਾਧਾ | ਪਾਪਾ | ਗ - | ਗਰੇ | - ਰੇ | ਸਾਂ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |

# ਰਾਗ ਭੁਪਾਲੀ (ਤੋੜੇ)

| | | | |
|---|---|---|---|
| (1) ਸਾਰੇ ਗਾਰੇ ਗਾਪਾ ਧਾਪਾ | ਗਾਪਾ ਗਾਰੇ ਗਾਰੇ ਸਾ- | ਗਤ | |
| × | 2 | 0 | |
| (2) ਸਾਧਾ ਸਾਰੇ ਗਾऽ ਗਾਰੇ | ਗਾਪਾ ਧਾਪਾ ਗਾਰੇ ਸਾ- | ਗਤ | |
| × | 2 | 0 | |
| (3) ਸਾਰੇ ਗਾਰੇ ਗਾਪਾ ਧਾਪਾ | ਧਾਸਾਂ ਧਾਪਾ ਗਾਰੇ ਸਾ- | ਗਤ | |
| × | 2 | 0 | |
| (4) ਸਾਰੇ ਸਾਧਾ ਸਾਰੇ ਗਾਰੇ | ਗਾਪਾ ਧਾਪਾ ਗਾਰੇ ਸਾ- | ਗਤ | |
| × | 2 | 0 | |
| (5) ਸਾਰੇ ਗਾ- ਰੇਗਾ ਪਾ- | ਗਾਪਾ ਧਾ- ਪਾਧਾ ਸਾਂ- | ਧਾਸਾਂ ਧਾਪਾ ਗਾਰੇ ਸਾਰੇ | ਗਾ- ਸਾਰੇ ਗਾ- ਸਾਰੇ |
| × | 2 | 0 | 3 |



wnloaded from https:// www.studiestoday.c

wnloaded from https:// www.studiestoday.c

## ਪਾਠ 10

# ਰਾਗ ਦੁਰਗਾ

**ਸਧਾਰਨ ਜਾਣ-ਪਛਾਣ** :- ਇਹ ਬਿਲਾਵਲ ਥਾਟ ਦਾ ਰਾਗ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ ਅਤੇ ਅਵਹੋਰੀ ਵਿੱਚ ਗਾ ਅਤੇ ਨੀ ਸੁਰ ਵਰਜਿਤ ਹਨ। ਇਸ ਲਈ ਇਸ ਦੀ ਜਾਤੀ ਔੜਵ-ਔੜਵ ਮੰਨੇ ਹਨ, ਇਸ ਰਾਗ ਦਾ ਵਾਦੀ ਮਾ ਅਤੇ ਸੰਵਾਦੀ ਸਾ ਸਵਰ ਹੈ। ਇਸ ਦਾ ਗਾਣ-ਵਜਾਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

**ਆਰੋਹੀ** :- ਸਾ ਰੇ ਮਾ ਪਾ ਧਾ ਸਾਂ।

**ਅਵਰੋਹੀ** :- ਸਾਂ ਧਾ ਪ ਮਾ ਰੇ ਸਾ।

**ਪਕੜ** :- ਸਾ ਰੇ ਮਾ ਪਾ ਧਾ, ਮਾ ਰੇ, ਧਾ ਸਾ।

### ਅਲਾਪ

(1) ਸ, ਰੇ ਸਾ ਧ, ਸਾ– ਧ ਸਾ ਰੇ --ਧ --ਮ ਪ ਧ -- ਸਾ ਸਾ –
ਰੇ ਗ – ਰੇ– ਧ–ਸਾ।

(2) ਸਾ ਰੇ ਧ਼ ਸਾ ਰੇ – ਮ ਪ, ਮ ਰੇ ਪ – ਮ ਪ ਧ,
ਧ ਪ ਧ, ਮ ਰੇ ਪ – ਮ –ਰੇ ਧ਼ --ਸਾ।

(3) ਧ ਸਾਂ ਰੇਂ – ਧ ਸਾ – ਪ ਧ ਸਾਂ – ਰੇ ਸਾ ਰੇ --
ਮ ਰੇ ਧ – – ਸਾ -- ਧ ਪ ਧ ਮ ਪ ਧ ਸਾਂ,
-- ਰੇ ਧ – ਸਾਂ – ਰੇ ਸਾਂ ਧ – ਮ ਰੇ ਗ ਪ ਧ –
ਮ ਰੇ , ਧ ਸਾ



wnloaded from https:// www.studiestoday.c

vnloaded from https:// www.studiestoday.c

# ਰਾਗ ਦੁਰਗਾ

ਸਥਾਈ

ਸੁਰ ਲਿਪੀ ਦਰੁੱਤ ਜਾਂ ਰਜ਼ਾਖਾਨੀ ਗਤ

| 1 × | 2 | 3 | 4 | 5 2 | 6 | 7 | 8 | 9 0 | 10 | 11 | 12 | 13 3 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਧਾ | ਸਾਂਸਾਂ | ਧਾ | ਪਾ | ਮਾ | ਮਾਮਾ | ਪਾ | ਧਾ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਮਾ | - | ਰੇ | ਸਾ | ਧਾ | ਧਾਧਾ | ਸਾ | ਸਾ | ਸਾ | ਰੇਰੇ | ਮਾ | ਰੇ | ਮਾ | ਪਾਪਾ | ਧਾ | ਪਾ |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਧ | ਸਾਂਸਾਂ | ਧਾ | ਪਾ | ਮਾ- | ਮਾਰੇ | -ਰੇ | ਸਾ | | | | | | | | |
| ਦਾ | ਦਿਰ | ਦਾ | ਰਾ | ਦਾऽ | ਰਦਾ | ऽਰ | ਦਾ | | | | | | | | |
| | | | | | | | ਅੰਤਰਾ | ਮ | ਮਾਮਾ | ਪਾ | ਧਾ | ਸਾਂ | ਧਾਧਾ | ਸਾਂ | ਸਾਂ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਧਾ | - | ਰੇ | ਸਾਂ | ਧਾ | ਧਾਧਾ | ਸਾਂ | ਸਾਂ | ਸਾਂ | ਰੇਰੇ | ਧਾ | ਸਾਂ | ਪ | ਧਾਧਾ | ਮਾ | ਪਾ |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਧਾ | ਸਾਂਸਾਂ | ਧਾ | ਪਾ | ਮਾ | ਮਾਰੇ- | ਰੇ | ਸਾ | | | | | | | | |
| ਦਾ | ਦਿਰ | ਦਾ | ਰਾ | ਦਾऽ | ਰਦਾ | ऽਰ | ਦਾ | | | | | | | | |

## ਤੋੜੇ (ਰਾਗ ਦੁਰਗਾ)

| | | | | | | | | | |
|---|---|---|---|---|---|---|---|---|---|
| 1. | ਸਾਸਾ | ਰੇਰੇ | ਮਾਮਾ | ਪਾਪਾ | ਧਾਧਾ | ਸਾਂਸਾਂ | ਧਾਧਾ | ਸਾਂਸਾਂ | (ਗਤ) |
| 2. | ਧਾਸਾਂ | ਧਾਪਾ | ਮਾਪਾ | ਧਾਪਾ | ਮਾ- | ਰੇਸ | ਮਾ- | ਰੇਸ | (ਗਤ) |
| 3. | ਸਾਰੇ | ਮਾਮਾ | ਰੇਮਾ | ਪਾਪਾ | ਮਾਪਾ | ਧਾਧਾ | ਪਾਧਾ | ਸਾਂਸਾਂ | (ਗਤ) |
| 4. | ਸਾਂਧਾ | ਸਾਮਾ | ਰੇਪਾ | ਮਾਪਾ | ਧਾਮਾ | ਰੇਸਾ | ਧਾਮਾ | ਰੇਸਾ | (ਗਤ) |
| 5. | ਮਾਪਾ | ਧਾਧਾ | ਪਾਧਾ | ਸਾਂਮਾਂ | ਧਾਸਾਂ | ਰੇਸਾਂ | ਧਾਸਾਂ | ਰੇਸਾ | (ਗਤ) |

* * * * * *



vnloaded from https:// www.studiestoday.c

wnloaded from https:// www.studiestoday.c

# ਪਾਠ-11

## ਤਾਲਾਂ (ਤਿੰਨ ਤਾਲ; ਰੂਪਕ ਤਾਲ)

**ਤਾਲ ਦੀ ਜਾਣ-ਪਛਾਣ** :- ਤਿੰਨ ਤਾਲ 16 ਮਾਤਰਾਵਾਂ ਦੀ ਤਾਲ ਹੈ। ਇਸ ਨੂੰ 'ਤ੍ਰਿਤਾਲ' ਵੀ ਕਹਿੰਦੇ ਹਨ। ਇਸ ਦੇ 4-4 ਮਾਤਰਾਵਾਂ ਦੇ 4 ਵਿਭਾਗ ਹੁੰਦੇ ਹਨ। ਇਸ ਵਿੱਚ 1, 5, 13 ਵੀ ਮਾਤਰਾ ਦੇ ਕ੍ਰਮਵਾਰ ਪਹਿਲੀ, ਦੂਸਰੀ ਅਤੇ ਤੀਸਰੀ ਤਾਲੀ ਹੈ। ਤਿੰਨ ਤਾਲ ਦੀ ਨੌਂਵੀ ਮਾਤਰਾ ਤੇ ਖਾਲੀ ਹੈ। ਇਹ ਤਬਲੇ ਦੀ ਤਾਲ ਹੈ। ਇਹ ਤਾਲ ਗੀਤ, ਭਜਨ, ਸ਼ਬਦ ਅਤੇ ਸ਼ਾਸਤਰੀ ਸੰਗੀਤ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ ਤਿੰਨ ਤਾਲ ਇੱਕ ਗੁਣ | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਤਾਲ ਦੇ ਬੋਲ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| ਚਿੰਨ੍ਹ | × | | | | 2 | | | | 0 | | | | 3 | | | |

### ਰੂਪਕ ਤਾਲ

**ਤਾਲ ਦੀ ਜਾਣ-ਪਛਾਣ** :- ਰੂਪਕ ਤਾਲ ਦੀਆਂ ਕੁੱਲ ਸੱਤ ਮਾਤਰਾਵਾਂ ਹੁੰਦੀਆਂ ਹਨ। ਇਹਨਾਂ ਮਾਤਰਾਵਾਂ ਨੂੰ ਅਸੀਂ ਤਿੰਨ ਭਾਗਾਂ ਵਿੱਚ ਵੰਡਦੇ ਹਾਂ। ਪਹਿਲੇ ਭਾਗ ਵਿੱਚ ਤਿੰਨ ਮਾਤਰਾ, ਦੂਸਰੇ ਅਤੇ ਤੀਸਰੇ ਭਾਗ ਵਿੱਚ ਦੋ-ਦੋ ਮਾਤਰਾਵਾਂ ਹੁੰਦੀਆਂ ਹਨ। ਪਹਿਲੀ ਮਾਤਰਾ ਤੇ ਸਮ ਜਾ ਖਾਲੀ ਚੌਥੀ ਮਾਤਰਾ ਤੇ ਪਹਿਲੀ ਤਾਲੀ ਅਤੇ ਛੇਵੀਂ ਮਾਤਰਾ ਤੇ ਦੂਸਰੀ ਤਾਲੀ ਹੁੰਦੀ ਹੈ। ਇਹ ਤਾਲ, ਖਿਆਲ, ਗੀਤ, ਗਜ਼ਲਾਂ ਆਦਿ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ ਰੂਪਕ ਤਾਲ ਇੱਕ ਗੁਣ | | | | | | | |
|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 |
| ਤਾਲ ਦੇ ਬੋਲ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| ਚਿੰਨ੍ਹ | 0 | | | 1 | | 2 | |



wnloaded from https:// www.studiestoday.c

wnloaded from https:// www.studiestoday.c

ਭਾਗ ਤੀਜਾ

# ਅੱਠਵੀਂ ਸ਼੍ਰੇਣੀ ਲਈ

wnloaded from https:// www.studiestoday.c

wnloaded from https:// www.studiestoday.c

## ਪਾਠ-1

# ਜਾਤੀ ਕਿਸ ਨੂੰ ਕਹਿੰਦੇ ਹਨ (ਔੜਵ ਸ਼ਾੜਵ ਸੰਪੂਰਨ) ਤੇ ਉਪਜਾਤੀਆਂ

**ਜਾਤੀ :-** ਸਪਤਕ ਦੇ ਸੱਤ ਸਵਰਾਂ ਵਿੱਚੋਂ ਜਿਨ੍ਹੇ ਵੀ ਸਵਰ ਲਗਦੇ ਹਨ ਉਹਨਾਂ ਦੇ ਪ੍ਰਯੋਗ ਤੇ ਜਾਤੀ ਨਿਰਧਾਰਿਤ ਹੁੰਦੀ ਹੈ ਕਿਉਂਕਿ ਕਿਸੇ ਰਾਗ ਵਿੱਚ ਘੱਟ ਤੋਂ ਘੱਟ 5 ਅਤੇ ਵੱਧ ਤੋਂ ਵੱਧ 7 ਸਵਰ ਲਗਦੇ ਹਨ। ਇਹਨਾਂ ਸਵਰਾਂ ਦੀ ਭਿੰਨ-ਭਿੰਨ ਗਿਣਤੀ ਹੀ ਜਾਤੀ ਕਹਿਲਾਉਂਦੀ ਹੈ। ਜਾਤੀ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਕਿਸ ਰਾਗ ਵਿੱਚ ਕਿੰਨੇ ਸਵਰ ਲਗਦੇ ਹਨ। ਇਸ ਲਈ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਭਿੰਨ-ਭਿੰਨ ਗਿਣਤੀ ਦੇ ਆਧਾਰ ਤੇ ਮੁੱਖ ਤਿੰਨ ਜਾਤੀਆਂ ਮੰਨਿਆ ਜਾਂਦੀਆਂ ਹਨ :-

1. ਸੰਪੂਰਨ ਜਾਤੀ
2. ਸ਼ਾੜਵ ਜਾਤੀ
3. ਔੜਵ ਜਾਤੀ

**1. ਸੰਪੂਰਨ ਜਾਤੀ :-** ਜਿਸ ਰਾਗ ਵਿੱਚ ਪੂਰੇ ਸੱਤ ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ ਜਾਤੀ ਦਾ ਰਾਗ ਕਹਿੰਦੇ ਹਨ।

**2. ਸ਼ਾੜਵ ਜਾਤੀ :-** ਜਿਸ ਰਾਗ ਵਿੱਚ ਸਪਤਕ ਦੇ ਸੱਤ ਸਵਰਾਂ ਵਿੱਚੋਂ ਕੋਈ ਇੱਕ ਸਵਰ ਵਰਜਿਤ ਕਰਕੇ ਛੇ ਸਵਰ ਪ੍ਰਯੋਗ ਹੋਵੇ ਉਸ ਨੂੰ ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

**3. ਔੜਵ ਜਾਤੀ :-** ਜਿਸ ਰਾਗ ਵਿੱਚ ਸਪਤਕ ਦੇ ਕੋਈ ਦੋ ਸਵਰ ਵਰਜਿਤ ਕਰਕੇ ਕੋਈ ਵੀ ਪੰਜ ਸਵਰ ਪ੍ਰਯੋਗ ਹੋਣ ਉਸ ਰਾਗ ਨੂੰ ਔੜਵ ਜਾਤੀ ਦਾ ਰਾਗ ਕਹਿੰਦੇ ਹਨ।



wnloaded from https:// www.studiestoday.c

wnloaded from https:// www.studiestoday.c

7. **ਔੜਵ-ਔੜਵ** :- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਪੰਜ-ਪੰਜ ਸਵਰਾਂ ਦਾ ਪ੍ਰਯੋਗ ਹੋਵੇ ਉਹ ਔੜਵ-ਔੜਵ ਜਾਤੀ ਦਾ ਰਾਗ ਹੈ।

8. **ਔੜਵ-ਸ਼ਾੜਵ** :- ਜਿਸ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ ਛੇ ਸਵਰ ਲਗਣ ਉਹ ਔੜਵ-ਸ਼ਾੜਵ ਜਾਤੀ ਦਾ ਰਾਗ ਹੈ।

9. **ਔੜਵ-ਸੰਪੂਰਨ** :- ਜਿਸ ਰਾਗ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ ਪੂਰੇ ਸੱਤ ਸਵਰਾਂ ਦਾ ਪ੍ਰਯੋਗ ਹੋਵੇ ਔੜਵ-ਸੰਪੂਰਨ ਜਾਤੀ ਦਾ ਰਾਗ ਹੋਵੇਗਾ।

******



wnloaded from https:// www.studiestoday.c

wnloaded from https:// www.studiestoday.c

# ਪਾਠ-2
# ਭਾਸ਼ਾਵਾਂ

## ਮਾਤਰਾ

ਸੰਗੀਤ ਵਿੱਚ ਸਮੇਂ ਦੇ ਮਾਪ (ਨਾਪ) ਦਾ ਸਭ ਤੋਂ ਛੋਟਾ ਪੈਮਾਨਾ ਮਾਤਰਾ ਹੈ। ਜਿਸ ਤਰ੍ਹਾਂ ਤੋਲ ਨਾਪਣ ਦੇ ਲਈ ਗ੍ਰਾਮ, ਕਿਲੋਗ੍ਰਾਮ, ਲੰਬਾਈ ਨਾਪਣ ਲਈ ਮੀਟਰ, ਸੈਂਟੀਮੀਟਰ, ਸਮਾਂ ਨਾਪਣ ਲਈ ਘੰਟਾ, ਮਿੰਟ, ਸੈਕਿੰਡ ਆਦਿ ਹਨ ਉਸ ਤਰ੍ਹਾਂ, ਸੰਗੀਤ ਦੇ ਸਮੇਂ ਨੂੰ ਨਾਪਣ ਲਈ ਮਾਤਰਾ ਬਣਾਈਆਂ ਗਈਆਂ ਹਨ। ਸੰਗੀਤ ਵਿੱਚ ਮਾਤਰਾ ਇਕ ਅਜੇਹੀ ਇਕਾਈ ਹੈ ਜਿਸ ਦੇ ਦੁਆਰਾਂ ਤਾਲ ਨੂੰ ਨਾਪਿਆ ਜਾ ਸਕਦਾ ਹੈ। ਮਾਤਰਾ ਦੇ ਵਿੱਚਕਾਰਲਾ ਮਾਪ ਗਾਇਕ ਵਾਦਕ ਆਪਣੀ ਇੱਛਾ ਅਨੁਸਾਰ ਘੱਟ ਜਾ ਵੱਧ ਕਰ ਸਕਦਾ ਹੈ। ਹਰੇਕ ਤਾਲ ਦੀਆਂ ਅਲਗ-ਅਲਗ ਮਾਤਰਾਵਾਂ ਹੁੰਦੀਆਂ ਹਨ ਜਿਵੇਂ ਕਹਿਰਵਾ ਤਾਲ ਦੀਆਂ ਅੱਠ, ਤਿੰਨਤਾਲ ਦੀਆਂ 16 ਮਾਤਰਾ ਹਨ।

## ਸਮ

ਜਿਸ ਮਾਤਰਾ ਤੋਂ ਤਾਲ ਸ਼ੁਰੂ ਕੀਤੀ ਜਾਂਦੀ ਹੈ ਉਸ ਨੂੰ ਸਮ ਕਹਿੰਦੇ ਹਨ। ਤਾਲ ਦਾ ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ। ਤਾਲ ਵਿੱਚ ਸਮ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਅਤੇ ਇਸ ਤੇ ਵਿਸ਼ੇਸ਼ ਤਰ੍ਹਾਂ ਦਾ ਜ਼ੋਰ ਦਿੱਤਾ ਜਾਂਦਾ ਹੈ ਜਿਸ ਤੋਂ ਹੋਰ ਮਾਤਰਾਂਵਾਂ ਤੋਂ ਅਲਗ ਹੀ ਪਹਿਚਾਣ ਹੋ ਜਾਂਦੀ ਹੈ। ਕਿਸੇ ਵੀ ਗਾਇਨ ਜਾਂ ਵਾਦਨ ਦੇ ਨਾਲ ਤਾਲ ਦੀ ਸੰਗਤ ਸਮ ਤੋਂ ਸ਼ੁਰੂ ਅਤੇ ਸਮਾਪਤੀ ਵੀ ਸਮ ਤੇ ਹੁੰਦੀ ਹੈ। ਸਮ ਦੀ ਪਹਿਚਾਣ ਦੇ ਲਈ ਤਾਲ ਲਿਪੀ ਵਿੱਚ (x) ਦਾ ਚਿੰਨ੍ਹ ਲਗਾਇਆ ਜਾਂਦਾ ਹੈ।

## ਵਿਭਾਗ

ਹਰੇਕ ਤਾਲ ਬੋਲਾਂ ਦੀ ਅਸਾਨੀ ਦੇ ਲਈ ਕੁਝ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਉਸ ਨੂੰ ਵਿਭਾਗ ਕਿਹਾ ਜਾਂਦਾ ਹੈ ਜਿਵੇਂ ਤਿੰਨਤਾਲ ਦੀਆਂ ਸੋਲ੍ਹਾਂ ਮਾਤਰਾਵਾਂ ਦੇ ਇਕ ਪੂਰੇ ਆਵਰਤਨ (ਚਕੱਰ) ਨੂੰ ਚਾਰ-ਚਾਰ



wnloaded from https:// www.studiestoday.c

vnloaded from https:// www.studiestoday.c

ਮਾਤਰਾਵਾਂ ਦੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਤਰ੍ਹਾਂ ਤਿੰਨ ਤਾਲ ਦੇ ਚਾਰ-ਵਿਭਾਗ ਹੋਏ। ਹਰੇਕ ਤਾਲ ਦੇ ਵਿਭਾਗ ਅਤੇ ਹਰੇਕ ਵਿਭਾਗ ਦੀ ਮਾਤਰਾ ਦੀ ਸੰਖਿਆ ਨਿਸ਼ਚਿਤ ਹੈ।

## ਤਾਲੀ

ਜਦੋਂ ਅਸੀਂ ਹੱਥ ਨਾਲ ਕੋਈ ਤਾਲ ਵਜਾਂਦੇ ਹਾਂ ਜਾਂ ਗਾਇਨ ਵਾਦਨ ਵਿੱਚ ਹੱਥ ਨਾਲ ਤਾਲ ਦਿੰਦੇ ਹਾਂ ਉਸ ਵਕਤ ਜਿਹੜੀ ਤਾਲੀ ਵਜਾਉਂਦੇ ਹਾਂ ਉਸ ਨੂੰ ਤਾਲੀ ਕਹਿੰਦੇ ਹਾਂ। ਕਿਸੇ ਇੱਕ ਤਾਲ ਵਿੱਚ ਕਈ ਤਾਲੀਆਂ ਹੁੰਦੀਆਂ ਹਨ ਜਿਵੇਂ ਤਿੰਨਤਾਲ ਵਿੱਚ 1,5,13 ਵੀਂ ਮਾਤਰਾ ਤੇ ਤਾਲੀ ਆਉਂਦੀ ਹੈ। ਤਾਲੀ ਤਾਲ ਦੇ ਹਰ ਵਿਭਾਗ ਦੀ ਪਹਿਲੀ ਮਾਤਰਾ ਤੇ ਹੁੰਦੀ ਹੈ। ਤਾਲ ਵਿੱਚ ਸਮ ਤੋਂ ਇਲਾਵਾ ਤਾਲੀ ਨੂੰ ਵੀ ਜੋਰ ਨਾਲ ਵਜਾ ਕੇ ਦਿਖਾਇਆ ਜਾਂਦਾ ਹੈ ਪਰ ਸਮ ਨਾਲੋਂ ਕੁਝ ਘੱਟ ਜ਼ੋਰ ਨਾਲ ਦਿਖਾਉਂਦੇ ਹਾਂ। ਤਾਲੀ ਨੂੰ ਭਰੀ ਵੀ ਕਿਹਾ ਜਾਂਦਾ ਹੈ। ਲਿਖਣ ਵਿੱਚ ਤਾਲੀ ਦਾ ਚਿਨ੍ਹ 2,3,4 ਆਦਿ ਸੰਖਿਆ ਦਾ ਪ੍ਰਯੋਗ ਹੁੰਦਾ ਹੈ।

## ਖਾਲੀ

ਜਦੋ ਅਸੀਂ ਤਾਲ ਵਜਾਉਂਦੇ ਹੋਏ ਜਿਵੇਂ ਤਾਲੀ ਆਉਣ ਤੇ ਆਵਾਜ਼ ਜਾਂ ਚੋਟ ਦਿੰਦੇ ਹਾਂ ਉਸ ਦੇ ਉਲਟ ਖਾਲੀ ਤੇ ਅਸੀਂ ਹੱਥ ਨੂੰ ਹਲਕਾ ਜਿਹਾ ਹਵਾ ਵਿੱਚ ਝਟਕ ਦਿੰਦੇ ਹਾਂ ਅਰਥਾਤ ਆਵਾਜ਼ ਨਹੀਂ ਕਰਦੇ ਉਹ ਖਾਲੀ ਹੋਵੇਗੀ। ਖਾਲੀ ਦਾ ਸਥਾਨ ਆਮਤੌਰ ਤੇ ਤਾਲ ਦੇ ਮਾਤਰਾਵਾਂ ਦੇ ਵਿਚਕਾਰ ਜਿਹਾ ਹੁੰਦਾ ਹੈ ਜਿਵੇਂ ਤਿੰਨਤਾਲ ਦੀ 9ਵੀਂ ਮਾਤਰਾ ਤੇ ਖਾਲੀ ਹੈ। ਤਾਲ ਲਿੱਪੀ ਲਿਖਦੇ ਸਮੇਂ ਖਾਲੀ ਨੂੰ 'O' ਦੇ ਚਿੰਨ੍ਹ ਨਾਲ ਦਿਖਾਇਆ ਜਾਂਦਾ ਹੈ।

## ਆਵਰਤਨ

ਜਦ ਕਿਸੇ ਤਾਲ ਨੂੰ ਵਜਾਂਦੇ ਹੋਏ ਉਸ ਦੀਆਂ ਪੂਰੀਆਂ ਮਾਤਰਾਂ ਨੂੰ ਪੂਰਾ ਵਜਾ ਕੇ ਫਿਰ ਸਮ ਤੱਕ ਆਉਂਦੇ ਹਾਂ, ਆਵਰਤਨ ਕਹਿਲਾਉਂਦਾ ਹੈ ਜਿਵੇਂ ਤਿੰਨਤਾਲ ਦੀਆਂ 16 ਮਾਤਰਾਵਾਂ ਨੂੰ ਇਕ ਵਾਰੀ ਪੂਰਾ ਵਜਾ ਲੈਣ ਨੂੰ ਇਕ ਆਵਰਤਨ ਕਹਾਂਗੇ। ਜਿਵੇਂ ਘੜੀ ਦੀਆਂ ਸੂਈਆਂ 12 ਵਜੇ ਤੋਂ ਚਲ ਕੇ ਆਪਣਾ ਪੂਰਾ ਚੱਕਰ ਕਰਕੇ ਫਿਰ 12 ਵਜੇ ਤਕ ਪਹੁੰਚੇ, ਇਕ ਆਵਰਤਨ ਜਾਂ ਚੱਕਰ ਕਹਿਲਾਏਗਾ। ਗਾਉਣ ਵਜਾਉਣ ਦੇ ਨਾਲ-ਨਾਲ ਇਹ ਆਵਰਤਨ ਚਲਦਾ ਰਹਿੰਦਾ ਹੈ। ਜਦੋਂ ਤਕ ਗਾਉਣਾ ਜਾਂ ਵਜਾਉਣਾਂ ਨਹੀਂ ਖਤਮ ਹੁੰਦਾ ਤਾਲ ਦਾ ਆਵਰਤਨ ਚਲਦਾ ਰਹਿੰਦਾ ਹੈ।

* * * * * *



vnloaded from https:// www.studiestoday.c

wnloaded from https:// www.studiestoday.c

ਇਹਨਾਂ ਤਿੰਨ ਮੁੱਖ ਜਾਤੀਆਂ ਤੋਂ ਇਲਾਵਾ ਆਰੋਹ-ਅਵਰੋਹ ਦੇ ਆਧਾਰ ਤੇ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਗਿਣਤੀ ਦੇ ਆਧਾਰ ਤੇ ਰਾਗ ਦੀਆਂ ਕੁਲ 9 ਉਪਜਾਤੀਆਂ ਬਣਦੀਆਂ ਹਨ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਸੰਪੂਰਨ-ਔੜਵ ਜਾਤੀ
2. ਸੰਪੂਰਨ-ਸ਼ਾੜਵ ਜਾਤੀ
3. ਸੰਪੂਰਨ-ਸੰਪੂਰਣ ਜਾਤੀ
4. ਸ਼ਾੜਵ-ਔੜਵ ਜਾਤੀ
5. ਸ਼ਾੜਵ- ਸ਼ਾੜਵ ਜਾਤੀ
6. ਸ਼ਾੜਵ-ਸੰਪੂਰਨ ਜਾਤੀ
7. ਔੜਵ-ਔੜਵ ਜਾਤੀ
8. ਔੜਵ- ਸ਼ਾੜਵ ਜਾਤੀ
9. ਔੜਵ-ਸੰਪੂਰਨ ਜਾਤੀ

1. **ਸੰਪੂਰਨ-ਔੜਵ** :- ਜਿਸ ਰਾਗ ਦੇ ਆਰੋਹ ਵਿੱਚ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ ਕੋਈ ਦੋ ਸਵਰ ਵਰਜਿਤ ਕਰਕੇ ਪੰਜ ਸਵਰ ਲਗਣ ਉਸ ਨੂੰ ਸੰਪੂਰਣ-ਔੜਵ ਦਾ ਰਾਗ ਕਹਿੰਦੇ ਹਨ।

2. **ਸੰਪੂਰਨ-ਸ਼ਾੜਵ** :- ਜਿਸ ਰਾਗ ਦੇ ਆਰੋਹ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ 6 ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ-ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

3. **ਸੰਪੂਰਨ-ਸੰਪੂਰਨ** :- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਸੱਤ-ਸੱਤ ਸਵਰ ਲਗਣ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਹੈ।

4. **ਸ਼ਾੜਵ-ਔੜਵ** :- ਜਿਸ ਰਾਗ ਦੇ ਆਰੋਹ ਵਿੱਚ ਛੇ ਸਵਰ ਅਤੇ ਅਵਰੋਹ ਵਿੱਚ ਪੰਜ ਸਵਰ ਲਗਣ ਉਹ ਸ਼ਾੜਵ-ਔੜਵ ਜਾਤੀ ਦਾ ਰਾਗ ਹੈ।

5. **ਸ਼ਾੜਵ-ਸ਼ਾੜਵ** :- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਛੇ-ਛੇ ਸਵਰਾਂ ਦਾ ਪ੍ਰਯੋਗ ਹੋਵੇ ਉਹ ਸ਼ਾੜਵ-ਸ਼ਾੜਵ ਜਾਤੀ ਦਾ ਰਾਗ ਹੈ।

6. **ਸ਼ਾੜਵ-ਸੰਪੂਰਨ** :- ਜਿਸ ਦੇ ਆਰੋਹ ਵਿੱਚ 6 ਸਵਰ ਅਤੇ ਅਵਰੋਹ ਵਿੱਚ ਸੱਤ ਸਵਰ ਲਗਣ ਉਹ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਹੈ।



wnloaded from https:// www.studiestoday.c

wnloaded from https:// www.studiestoday.c

# ਪਾਠ-3

# ਵਾਦਕ ਦੇ ਗੁਣ ਅਤੇ ਔਗੁਣ

ਸੰਗੀਤ ਦਾ ਸਿੱਧਾ ਸਬੰਧ ਸਰੋਤਿਆਂ ਨੂੰ ਆਨੰਦ ਦੇਣਾ ਹੁੰਦਾ ਹੈ। ਕੋਈ ਵੀ ਗਾਇਕ ਵਾਦਕ ਜਾਂ ਨ੍ਰਿਤਕਾਰ ਆਪਣੀ ਕਲਾ ਰਾਹੀਂ ਸਰੋਤਿਆਂ ਨੂੰ ਪ੍ਰਸੰਨ ਕਰਦਾ ਹੈ ਤਾਹੀ ਉਹੀ ਕੁਸ਼ਲ ਸੰਗੀਤਕਾਰ ਕਹਿਲਾਉਂਦਾ। ਕਿਸੀ ਵੀ ਕੰਮ ਨੂੰ ਠੀਕ ਢੰਗ ਨਾਲ ਕਰਨ ਦੇ ਕੁਝ ਨਿਯਮ ਹੁੰਦੇ ਹਨ ਜਿਸ ਦੇ ਆਧਾਰ ਤੇ ਕੋਈ ਵੀ ਕੰਮ ਸਹੀ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ, ਕਿਉਂਕਿ ਸਮੇਂ ਅਤੇ ਸਥਾਨ ਦੇ ਪਰਿਵਰਤਨ ਤੋਂ ਕੋਈ ਵੀ ਗੁਣ, ਔਗੁਣ ਬਣ ਸਕਦਾ ਹੈ। ਇਕ ਸਧਾਰਣ ਗਾਇਕ ਜਾਂ ਵਾਦਕ ਸਰੋਤਿਆਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ ਜੇਕਰ ਉਸ ਨੂੰ ਲੈਅ ਤਾਲ ਅਤੇ ਸਾਜ਼ ਦਾ ਪੂਰਾ ਗਿਆਨ ਹੋਵੇ। ਅੱਜ ਦੇ ਵਿਦਿਆਰਥੀ ਜਲਦੀ ਹੀ ਮੰਚ ਤੇ ਮਸ਼ਹੂਰ ਹੋਣ ਲਈ ਵਾਦਨ ਤੇ ਹਰ ਅੰਗ ਦਾ ਮਨਮਰਜੀ ਨਾਲ ਅਭਿਆਸ ਕਰਦੇ ਹਨ। ਵਾਦਕ ਨੂੰ ਵਾਦਨ ਦੇ ਗੁਣ ਅਤੇ ਅਵਗੁਣ (ਔਗੁਣ) ਦੇ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਔਗੁਣ ਛੱਡ ਦੇਣੇ ਚਾਹੀਦੇ ਹਨ।

**ਵਾਦਕ ਦੇ ਗੁਣ :-**

1. ਵਾਦਕ ਨੂੰ ਆਪਣੇ ਸਾਜ਼ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।
2. ਸਾਜ਼ ਨੂੰ ਠੀਕ ਢੰਗ ਨਾਲ ਵਜਾਉਣ ਲਈ ਮੁਦਰਾਵਾਂ ਦਾ ਪੂਰਾ ਗਿਆਨ ਹੋਣਾ ਜ਼ਰੂਰੀ ਹੈ।
3. ਵਾਦਕ ਨੂੰ ਸਾਜ਼ ਤੇ ਉਂਗਲੀਆਂ ਦਾ ਪ੍ਰਯੋਗ ਠੀਕ ਢੰਗ ਨਾਲ ਆਉਣਾ ਚਾਹੀਦਾ ਹੈ।
4. ਸਪਤਕ ਦੇ ਸਵਰਾਂ ਦੇ ਸ਼ੁੱਧ, ਕੋਮਲ ਅਤੇ ਤੀਵਰ ਰੂਪਾਂ ਦਾ ਗਿਆਨ ਹੋਣਾ ਚਾਹੀਦਾ ਹੈ।



wnloaded from https:// www.studiestoday.c

wnloaded from https:// www.studiestoday.c

5. ਲੈਅ, ਤਾਲ ਦਾ ਸਹੀ ਗਿਆਨ ਹੋਣਾ ਚਾਹੀਦਾ ਹੈ।

6. ਵਾਦਕ ਨੂੰ ਰਾਗ ਪੇਸ਼ ਕਰਦੇ ਸਮੇਂ ਰਾਗ ਦਾ ਪੂਰਣ ਗਿਆਨ ਹੋਣਾ ਚਾਹੀਦਾ ਹੈ।

7. ਵਾਦਕ ਨੂੰ ਆਪਣੀ ਪੇਸ਼ਕਾਰੀ ਕਰਦੇ ਸਮੇਂ ਆਤਮਵਿਸ਼ਵਾਸ ਅਤੇ ਨਿਡਰ ਹੋਣਾ ਚਾਹੀਦਾ ਹੈ।

8. ਵਾਦਕ ਨੂੰ ਸ਼ਾਸਤਰੀ ਸੰਗੀਤ ਅਤੇ ਕਿਰਿਆਤਮਕ ਸੰਗੀਤ ਦਾ ਪੂਰਨ ਗਿਆਣ ਹੋਣਾ ਚਾਹੀਦਾ ਹੈ।

9. ਵਾਦਕ ਨੂੰ ਮਿਹਨਤੀ, ਸਾਧਨਾ ਕਰਨ ਵਾਲਾ ਅਤੇ ਕਲਪਨਾਸ਼ੀਲ ਹੋਣਾ ਚਾਹੀਦਾ ਹੈ।

**ਵਾਦਕ ਦੇ ਔਗੁਣ :-**

1. ਆਪਣੇ ਸਾਜ ਦੀ ਪੂਰੀ ਜਾਨਕਾਰੀ ਨ ਹੋਣਾ।
2. ਗਲਤ ਢੰਗ ਨਾਲ ਬੈਠ ਕੇ ਸਾਜ ਵਜਾਣਾ।
3. ਠੀਕ ਢੰਗ ਨਾਲ ਉਂਗਲੀਆਂ ਦਾ ਪ੍ਰਯੋਗ ਨ ਕਰਨਾ।
4. ਸਪਤਕ ਦੇ ਸਵਰਾਂ ਦੀ ਸ਼ੁੱਧ, ਤੀਵਰ ਅਤੇ ਕੋਮਲ ਰੂਪਾ ਦੀ ਜਾਣਕਾਰੀ ਨਾ ਹੋਣਾ।
5. ਪ੍ਰਸਤੁਤ ਰਾਗ ਦੀ ਜਾਣਕਾਰੀ ਨਾ ਹੋਣਾ।
6. ਸੰਗੀਤ ਦੇ ਸ਼ਾਸਤਰੀ ਅਤੇ ਕਿਰਿਆਤਮਕ ਰੂਪਾਂ ਦੀ ਠੀਕ ਜਾਣਕਾਰੀ ਨਾ ਹੋਣਾ।
7. ਵਾਦਕ ਦਾ ਆਤਮਵਿਸ਼ਵਾਸ ਰਹਿਤ ਅਤੇ ਡਰ ਕੇ ਸਾਜ਼ ਵਜਾਉਣਾ।

* * * * * *



wnloaded from https:// www.studiestoday.c

wnloaded from https:// www.studiestoday.c

# ਪਾਠ-4

# ਥਾਟ

ਸੱਤ ਸਵਰਾਂ ਦਾ ਉਹ ਸਮੂਹ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਥਾਟ ਕਹਿੰਦੇ ਹਨ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਥਾਟ ਜਾਂ ਮੇਲ ਸਵਰਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।"

**ਲਕਸ਼ਣ ਜਾਂ ਨਿਯਮ :-**

1. ਹਰੇਕ ਥਾਟ ਵਿੱਚ ਹਮੇਸ਼ਾ ਸੱਤ ਸਵਰ ਹੋਣੇ ਚਾਹੀਦੇ ਹਨ।
2. ਥਾਟ ਵਿੱਚ ਸਵਰ ਹਮੇਸ਼ਾ ਕ੍ਰਮ ਵਿੱਚ ਹੋਣੇ ਚਾਹੀਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
3. ਥਾਟ ਸੰਮਪੂਰਨ ਹੋਣ ਦੇ ਕਾਰਣ ਆਰੋਹ ਤੋਂ ਵੀ ਕਿਸੀ ਥਾਟ ਦਾ ਪਤਾ ਚਲ ਸਕਦਾ ਹੈ ਇਸ ਲਈ ਅਵਰੋਹ ਦੀ ਜਰੂਰਤ ਨਹੀਂ ਹੈ।
4. ਥਾਟ ਵਿੱਚ ਇਕ ਸਵਰ ਦੇ ਦੋਵੇਂ ਰੂਪ ਨਹੀਂ ਪ੍ਰਯੋਗ ਕੀਤੇ ਜਾ ਸਕਦੇ।
5. ਥਾਟ ਗਾਇਆ-ਵਜਾਇਆ ਨਹੀਂ ਜਾਂਦਾ ਇਸ ਲਈ ਇਸ ਵਿੱਚ ਵਾਦੀ ਸੰਮਵਾਦੀ ਪਕੜ, ਸਮਾਂ ਜਾਤੀ ਆਦਿ ਦੀ ਜ਼ਰੂਰਤ ਨਹੀਂ ਹੁੰਦੀ।
6. ਥਾਟ ਵਿੱਚ ਰੰਜਕਤਾ ਦਾ ਹੋਣਾ ਜਰੂਰੀ ਨਹੀਂ।
7. ਥਾਟ ਦਾ ਨਾਂ ਉਸ ਦੇ ਅੰਤਰਗਤ ਆਏ ਕਿਸੀ ਪ੍ਰਸਿੱਧ ਰਾਗ ਦੇ ਨਾਂ 'ਤੇ ਰਖਿਆ ਜਾਂਦਾ ਹੈ।
8. ਥਾਟ ਨੂੰ ਜਨਕ-ਥਾਟ ਵੀ ਕਿਹਾ ਜਾਂਦਾ ਹੈ।
9. ਥਾਟ ਦੀ ਸੰਖਿਆ ਦਸ ਮੰਨੀ ਗਈ ਹੈ।



wnloaded from https:// www.studiestoday.c

wnloaded from https:// www.studiestoday.c

10. ਗਣਿਤ ਦੇ ਆਧਾਰ ਤੇ ਸਿਰਫ 72 ਥਾਟ ਬਣ ਸਕਦੇ ਹਨ ਇਸ ਤੋਂ ਘੱਟ ਜਾਂ ਜ਼ਿਆਦਾ ਨਹੀਂ।

**ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦੇ ਦਸ ਥਾਟ-**

1. **ਬਿਲਾਵਲ ਥਾਟ** :- ਇਸ ਵਿੱਚ ਸਾਰੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
2. **ਕਲਿਆਣ ਥਾਟ** :- ਇਸ ਥਾਟ ਵਿੱਚ ਮ ਤੀਵਰ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮੰ ਪ ਧ ਨੀ।
3. **ਖਮਾਜ ਥਾਟ** :- ਇਸ ਵਿੱਚ ਨੀ ਕੋਮਲ ਬਾਕੀ ਦੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
4. **ਕਾਫੀ ਥਾਟ** :- ਇਸ ਥਾਟ ਵਿੱਚ ਗ ਨੀ ਕੋਮਲ ਬਾਕੀ ਸਾਰੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰ ਗੁ ਮ ਪ ਧ ਨੀ।
5. **ਆਸਾਵਰੀ ਥਾਟ** :- ਇਸ ਥਾਟ ਵਿੱਚ ਗ ਧ ਨੀ ਕੋਮਲ ਅਤੇ ਬਾਕੀ ਦੇ ਸਾਰੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗੁ ਮ ਪ ਧੁ ਨੀ।
6. **ਭੈਰਵੀ ਥਾਟ** :- ਇਸ ਥਾਟ ਵਿੱਚ ਰੇ ਗ ਧ ਨੀ ਕੋਮਲ ਅਤੇ ਬਾਕੀ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇੁ ਗੁ ਮ ਪ ਧੁ ਨੀ।
7. **ਭੈਰਵ ਥਾਟ** :- ਇਸ ਥਾਟ ਵਿੱਚ ਰੇ ਧ ਕੋਮਲ ਅਤੇ ਬਾਕੀ ਸਾਰੇ ਸਵਰ ਸ਼ੁਧ ਹਨ ਜਿਵੇਂ ਸ ਰੇੁ ਗ ਮ ਪ ਧੁ ਨੀ।
8. **ਪੂਰਵੀ** :- ਇਸ ਵਿੱਚ ਰੇ ਧ ਕੋਮਲ ਮ ਤੀਵਰ ਅਤੇ ਬਾਕੀ ਦੇ ਸਵਰ ਸ਼ੁਧ ਹਨ ਜਿਵੇਂ ਸ ਰੇੁ ਗ ਮੰ ਪ ਧੁ ਨੀ।
9. **ਮਾਰਵਾ ਥਾਟ** :- ਇਸ ਥਾਟ ਵਿੱਚ ਰੇ ਕੋਮਲ ਮ ਤੀਵਰ ਬਾਕੀ ਦੇ ਸੁਰ ਵਰਜਿਤ ਲਗਦੇ ਹਨ। ਜਿਵੇਂ ਸਾ ਰੇੁ ਗ ਮੰ ਪ ਧ ਨੀ।
10. **ਤੋੜੀ ਥਾਟ** :- ਇਸ ਥਾਟ ਵਿੱਚ ਰੇੁ ਗੁ ਧੁ ਕੋਮਲ ਮ ਤੀਵਰ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਜਿਵੇਂ ਸਾ ਰੇੁ ਗੁ ਮੰ ਪ ਧੁ ਨੀ।

* * * * * *

wnloaded from https:// www.studiestoday.c

wnloaded from https:// www.studiestoday.c

# ਪਾਠ-5
# ਪੰਡਿਤ ਰਵੀਸ਼ੰਕਰ ਜੀ

ਆਧੁਨਿਕ ਕਾਲ ਦੇ ਸੁਪ੍ਰਸਿੱਧ ਵਾਦਕ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਸਾਰੇ ਵਿਸ਼ਵ ਭਰ ਵਿੱਚ ਇਹਨਾਂ ਦੀ ਪ੍ਰਤਿਭਾ ਨੂੰ ਮੰਨਿਆ ਜਾਂਦਾ ਹੈ। ਆਪਣੀ ਕਲਾਤਮਕ ਪ੍ਰਤਿਭਾ ਦੇ ਦਮ ਤੇ ਪੰਡਿਤ ਜੀ ਨੇ ਭਾਰਤੀ ਸਾਜ਼ ਸਿਤਾਰ ਨੂੰ ਵਿਦੇਸ਼ਾਂ ਵਿੱਚ ਵੀ ਪ੍ਰਸਿਧੀ ਦਿਲਵਾਈ।


ਚਿੱਤਰ-(2) ਪੰਡਿਤ ਰਵੀਸ਼ੰਕਰ

ਪੰਡਿਤ ਰਵੀਸ਼ੰਕਰ ਜੀ ਦਾ ਜਨਮ 7 ਅਪ੍ਰੈਲ, ਸੰਨ 1920 ਨੂੰ ਵਾਰਾਣਸੀ ਵਿੱਚ ਹੋਇਆ। ਇਹਨਾਂ ਦੇ ਪਿਤਾ ਡਾ. ਸ਼ਿਆਮ ਸ਼ੰਕਰ ਆਪਣੇ ਸਮੇਂ ਦੇ ਮੰਨੇ ਹੋਏ ਵਿਦਵਾਨ ਸੀ। ਆਪ ਚਾਰਾਂ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸੀ ਅਤੇ ਇਹਨਾਂ ਦੇ ਬੜੇ ਭਾਈ ਉਦੈਸ਼ੰਕਰ ਜੋ ਇਕ ਨ੍ਰਿਤਕਾਰ ਸੀ, ਦਾ ਬਹੁਤ ਗਹਿਰਾ ਪ੍ਰਭਾਵ ਪਿਆ। ਇਸ ਲਈ ਆਪ ਵੀ ਨ੍ਰਿਤ ਦੀ ਸਿੱਖਿਆ ਲੈਣ ਲਗ ਪਏ। ਲਗਭਗ ਦਸ ਸਾਲ ਦੀ ਉਮਰ ਤਕ ਨ੍ਰਿਤ ਮੰਡਲੀ ਵਿੱਚ ਆਪਣੇ ਭਾਈ ਦੇ ਨਾਲ ਵਿਦੇਸ਼ਾਂ ਦਾ ਦੌਰਾ ਕੀਤਾ। ਯਾਤਰਾ ਦੇ ਦੌਰਾਨ ਉਸਤਾਦ ਅਲਾਉਦੀਨ ਦੇ ਸੰਪਰਕ ਵਿੱਚ ਆਏ। ਅਲਾਉਦੀਨ ਖਾਂ ਨੇ ਆਪਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਸ਼ਿਸ਼ ਬਣਾ ਲਿਆ ਅਤੇ ਸਿਤਾਰ ਸਿਖਾਣ ਲਗੇ ਪਏ।

ਪੰ. ਜੀ ਦੀ ਰੁਚੀ ਹੌਲੀ-ਹੌਲੀ ਨ੍ਰਿਤ ਤੋਂ ਹਟ ਕੇ ਸਿਤਾਰ ਦੀ ਹੋਣ ਲਗ ਪਈ। ਫਿਰ ਇਹ ਮੱਧ ਪ੍ਰਦੇਸ਼ ਆ ਕੇ ਉਸਤਾਦ ਅਲਾਉਦੀਨ ਦੇ ਘਰ ਵਿੱਚ ਹੀ ਰਹਿਣ ਲਗ ਗਏ ਅਤੇ ਸਿਤਾਰ ਦੀ ਸਿੱਖਿਆ ਲੈਣ ਲਗੇ। ਪੰਡਿਤ ਜੀ ਦੀ ਲਗਨ, ਤਪਸਿਆ ਅਤੇ ਗੁਰੂ-ਭਗਤੀ ਨੂੰ ਦੇਖ ਕੇ ਉਸਤਾਦ ਜੀ ਨੇ ਸਿਤਾਰ ਦੀ ਹਰੇਕ ਜਾਣਕਾਰੀ ਦਿੱਤੀ। ਇਨਾਂ ਹੀ ਨਹੀਂ ਸੰਨ 1941 ਈ.



wnloaded from https:// www.studiestoday.c

wnloaded from https:// www.studiestoday.c

ਵਿੱਚ ਆਪਣੀ ਪੁਤਰੀ ਦਾ ਵਿਵਾਹ ਅੰਨਪੂਰਣਾਂ ਦੇਵੀ, ਜੋ ਕਿ ਖੁਦ ਵੀ ਸਿਤਾਰ ਅਤੇ ਸੁਰਬਹਾਰ ਵਿੱਚ ਨਿਪੁਣ ਸੀ, ਕਰ ਦਿੱਤਾ।

ਆਪ ਆਪਣੀ ਵਾਦਨ ਸ਼ੈਲੀ ਵਿੱਚ ਸਵਰਾਂ ਦੀ ਸ਼ੁੱਧਤਾ, ਸਵਰਾਂ ਦੀ ਮਧੁਰਤਾ ਵਿੱਚ ਪੰਰਪਰਾਗਤ ਨਿਯਮਾਂ ਦਾ ਪਾਲਣ ਕਰਦੇ ਹਨ। ਵਿਸਤਾਰ ਪੂਰਵਕ ਆਲਾਪ, ਜੋੜ ਆਲਾਪ ਕਰਨ ਦੇ ਬਾਅਦ ਹੀ ਪਹਿਲਾਂ ਮਸੀਤਖਾਨੀ ਗਤ ਫਿਰ ਰਜਾਖਾਨੀ ਵਜਾਂਦੇ ਹਨ। ਆਪਣੇ ਵਾਦਨ ਵਿੱਚ ਵੀਣਾ ਅਤੇ ਗਾਯਕੀ ਅੰਗ ਦਾ ਮਿਸ਼ਰਣ ਕਰਕੇ ਕ੍ਰਿੰਤੱਨ, ਜਮਜਮਾ ਖਟਕਾ ਅਤੇ ਲੈਅਕਾਰੀ ਆਦਿ ਦਾ ਸਪਸ਼ਟ ਪ੍ਰਯੋਗ ਕਰਦੇ ਹਨ। ਆਪਣੇ ਵਾਦਨ ਸ਼ੈਲੀ ਵਿੱਚ 'ਲਰਜ ਦੀ ਤਾਰ' ਵੀ ਆਰੰਭ ਕੀਤੀ। ਸਿਤਾਰ ਸ਼ੈਲੀ ਤੋਂ ਇਲਾਵਾ ਗਾਯਨ ਸ਼ੈਲੀ ਨਾਲ ਸਿਤਾਰ ਵਜਾਉਣ ਦੀ ਆਪਣੇ ਨਵੀਂ ਖੋਜ ਕੀਤੀ। ਪੰ. ਜੀ ਨੇ ਵਾਦ ਵਰਿੰਦ ਦੇ ਖੇਤਰ ਵਿੱਚ ਮਹੱਤਵਪੂਰਣ ਯੋਗਦਾਨ ਦਿਤਾ।

ਕੁਝ ਵਿਦੇਸ਼ੀ ਸਾਜਾਂ ਨੂੰ ਭਾਰਤੀ ਵਰਿੰਦ-ਵਾਦਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਆਪ ਦੀ ਵਰਿੰਦ-ਵਾਦਨ ਰਚਨਾ ਦਾ ਸੰਗ੍ਰਿਹ (ਰਵਿਸ਼ੰਕਰ ਦੇ ਔਰਕੇਸਲ ਨਾਮਕ ਪੁਸਤਕ) ਵਿੱਚ ਮਿਲਦਾ ਹੈ।

ਪੰ. ਜੀ ਵਿਦੇਸ਼ਾਂ ਵਿੱਚ ਵੀ, ਜਿਵੇਂ ਅਮਰੀਕਾ, ਇੰਗਲੈਂਡ, ਜਪਾਨ, ਰੂਸ ਆਦਿ ਦੇਸ਼ਾਂ ਵਿੱਚ ਆਪਣਾ ਪਰੋਗ੍ਰਾਮ ਦਿੰਦੇ ਹਨ ਅਤੇ ਪ੍ਰਸ਼ੰਸਾ ਹਾਸਿਲ ਕਰਦੇ ਹਨ। ਇਹਨਾਂ ਦੇ ਸੰਗੀਤ ਦਾ ਪੱਛਮ ਵਿੱਚ ਵੀ ਕਾਫੀ ਪ੍ਰਭਾਵ ਪਿਆ। 'ਪੱਪ ਗਰੁਪ ਵੀ ਹਰਮੋਨਿਯਮ ਅਤੇ ਸਿਤਾਰ ਦੀਆਂ ਬਾਰੀਕੀਆਂ ਨੂੰ ਸਮਝਣ ਲਗੇ। ਇਹਨਾਂ ਨੂੰ ਭਾਰਤ ਦਾ ਮਹਾਨ ਸੰਸਕ੍ਰਿਤਿਕ ਦੂਤ ਕਿਹਾ ਗਿਆ। ਪੰ. ਜੀ ਨੂੰ ਬਿਲਬੋਰਡ ਦੇ ਸੰਪਾਦਕ ਨੇ ਅਮਰੀਕਾ ਵਿੱਚ 'ਸਾਲ ਦਾ ਕਲਾਕਾਰ' ਨਾਮਜਦ ਕੀਤਾ। ਪੰ. ਜੀ ਦੇ ਰਾਗਾਂ ਦੇ ਕਈ ਰਿਕਾਰਡ ਬਣੇ ਅਤੇ ਬਹੁਤ ਬਿਕਰੀ ਦੇ ਕਾਰਣ ਆਪ ਨੂੰ 'ਏਮਰੀ' ਅਵਾਰਡ ਦਿੱਤਾ ਗਿਆ। 1962 ਈ. ਵਿੱਚ ਸੰਗੀਤ ਨਾਟਕ ਅਕਾਦਮੀ ਤੋਂ ਪੁਰਸਕ੍ਰਿਤ ਹੋਏ। ਸੰਨ 1975 ਨੂੰ ਅਕਾਦਮੀ ਦੀ ਫੈਲੋਸ਼ਿਪ ਹਾਸਿਲ ਕੀਤੀ। 1977 ਵਿੱਚ ਭਾਰਤ ਸਰਕਾਰ ਵਲੋਂ ' ਪਦਮ-ਭੂਸ਼ਣ' ਅਤੇ ਸੰਨ 1981 ਨੂੰ 'ਸਰਵੋਤਮ ਅਲੰਕਾਰ ਪਦਮ ਵਿਭੂਸ਼ਣ' ਦੇ ਨਾਲ ਸਨਮਾਨਿਤ ਕੀਤਾ।

ਪੰਡਿਤ ਜੀ ਨੇ ਬੰਗਲਾ ਫਿਲਮ ਕਾਬੁਲੀ ਵਾਲਾ 'ਪਥਾਹ ਪੰਚਾਲੀ' 'ਹਿੰਦੀ ਫਿਲਮ ਅਨੁਰਾਧਾ' ਗੋਦਾਨ ਅਤੇ ਅੰਗਰੇਜੀ ਫਿਲਮ 'ਫਿਲਉਟ ਐਂਡ ਐਰੋ' ਦਾ ਸੰਗੀਤ ਨਿਰਦੇਸ਼ਨ ਕੀਤਾ। ਮੋਹਨਕੌਂਸ, ਤਿਲਕ, ਸ਼ਿਆਮ ਬੈਰਾਗੀ ਪਰਮੇਸ਼ਵਰੀ ਰੰਗੇਸ਼ਵਰੀ ਆਦਿ ਨਵੀਨ ਰਾਗਾਂ ਦੀ ਰਚਨਾ ਕੀਤੀ। ਸੰਨ 1962 ਵਿੱਚ ਕਿੰਨੌਰ ਸਕੂਲ ਆਫ ਮਿਊਜਿਕ ਦੀ ਸਥਾਪਨਾ ਕੀਤੀ।

ਪੰਡਿਤ ਜੀ ਨੇ ਸੰਗੀਤ ਸਬੰਧੀ ਵਿਆਖਿਆ ਅਤੇ ਸਵੈਜੀਵਨੀ ਪੁਸਤਕ-ਮਾਈ ਮਿਊਜਿਕ ਮਾਈ ਲਾਇਫ ਵਿੱਚ ਕੀਤਾ।

wnloaded from https:// www.studiestoday.c

Downloaded from https:// www.studiestoday.com

ਪੰਡਿਤ ਜੀ ਦੇ ਕਈ ਸ਼ਿਸ਼ ਹੋਏ ਜਿਵੇਂ ਉਮਾ ਸ਼ੰਕਰ ਮਿਸ਼ਰ, ਜਯਾਬੋਸ, ਸ਼ਸ਼ੀਮ ਅਹਿਮਦ ਗੋਪਾਲ ਕ੍ਰਿਸ਼ਣ ਆਦਿ। ਇਸ ਤੋਂ ਇਲਾਵਾ ਬੀਟਨ ਮਾਇਕ, ਜਾਰਜ ਹੈਰਿਸਨ ਆਦਿ ਪਛਮੀ ਗਾਇਕ ਵੀ ਹਨ।

ਅੰਤ ਇਹੋ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਕਾਲ ਵਿੱਚ ਪਛੱਮ ਅਤੇ ਭਾਰਤ ਵਿੱਚ ਸੰਗੀਤ ਅਤੇ ਉਸ ਦੇ ਗੌਰਵ ਨੂੰ ਸੂਰਜ ਦੀ ਰੋਸ਼ਨੀ ਦੀ ਤਰ੍ਹਾਂ ਫੈਲਾ ਰਹੇ ਹਨ ਅਤੇ ਸੰਗੀਤ ਨੂੰ ਚਾਰ ਚੰਦ ਲਗਾ ਰਹੇ ਹਨ।

* * * * * *

Downloaded from https:// www.studiestoday.com

wnloaded from https:// www.studiestoday.c

# ਪਾਠ-6

# ਸਵਰ ਲਿੱਪੀ

ਜਿਵੇਂ ਹਿੰਦੀ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵਿਆਕਰਨ ਦੇ ਚਿੰਨ੍ਹਾਂ ਆਦਿ ਦੀ ਸਹਾਇਤਾ ਨਾਲ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ ਕਿ ਕੀ ਲਿਖਿਆ ਗਿਆ ਹੈ, ਠੀਕ ਉਸੀ ਤਰ੍ਹਾਂ ਸੰਗੀਤ ਵਿੱਚ ਵਿਸ਼ੇਸ਼ ਚਿੰਨ੍ਹਾਂ ਨਾਲ ਸੰਗੀਤ ਦੀ ਸੰਗੀਤਕ ਭਾਸ਼ਾ ਨੂੰ ਉਸ ਦੇ ਚਿੰਨ੍ਹਾਂ ਤੋਂ ਸਮਝਿਆ ਜਾ ਸਕਦਾ ਹੈ। ਇਹਨਾਂ ਹੀ ਵਿਸ਼ੇਸ਼ ਚਿੰਨ੍ਹਾਂ ਨੂੰ ਸਵਰ ਲਿੱਪੀ ਕਹਿੰਦੇ ਹਨ।

**ਭਾਰਤ ਵਿੱਚ ਦੋ ਤਰ੍ਹਾਂ ਦੀਆਂ ਪਦੱਤੀਆਂ ਦਾ ਪ੍ਰਚਲਨ ਹੈ -**

1. ਉੱਤਰ ਭਾਰਤੀ ਸੰਗੀਤ ਪਦੱਤੀ ਜਿਹੜੀ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੇ ਨਾਂ ਨਾਲ ਜਾਣੀ ਜਾਂਦੀ ਹੈ।
2. ਦੱਖਣ ਭਾਰਤੀ ਸੰਗੀਤ ਪੱਦਤੀ ਜਿਹੜੀ ਵਿਸ਼ਣੂ ਦਿਗੰਬਰ ਪੱਦਤੀ ਦੇ ਨਾਂ ਨਾਲ ਜਾਣੀ ਜਾਂਦੀ ਹੈ।

## ਵਿਸ਼ਣੂ ਨਰਾਇਣ ਭਾਤਖੰਡ ਪੱਦਤੀ

| | | |
|---|---|---|
| **1. ਸਵਰ ਚਿੰਨ੍ਹ** | **ਵਿਵਰਣ ਚਿੰਨ੍ਹ** | **ਉਦਾਹਰਣ** |
| (1) ਸ਼ੁਧਸਵਰ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (2) ਕੋਮਲ ਸਵਰ | ਸਵਰ ਦੇ ਨੀਚੇ ਲੇਟਵੀਂ ਰੇਖਾ | ਰੇ ਗ |
| (3) ਤੀਵਰ ਸਵਰ | ਸਵਰ ਦੇ ਉਪਰ ਖੜੀ ਰੇਖਾ | ਮੰ |
| **2. ਸਪਤਕ ਚਿੰਨ੍ਹ** | | |
| (4) ਮੱਧ ਸਪਤਕ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (5) ਮੰਦਰ ਸਪਤਕ | ਸਵਰ ਦੇ ਨੀਚ ਬਿੰਦੂ | ਨੀ ਧ ਪ |
| (6) ਤਾਰ ਸਪਤਕ | ਸਵਰ ਦੇ ਉਪਰ ਬਿੰਦੂ | ਨੀਂ ਧਂ ਪਂ |



wnloaded from https:// www.studiestoday.c

wnloaded from https:// www.studiestoday.c

3 ਸਵਰ ਮਾਨ

| | | |
|---|---|---|
| (7) ਇਕ ਮਾਤਰਾ | ਕੋਈ ਚਿੰਨ੍ਹ ਨਹੀਂ | ਸ ਧ |
| (8) ਅੱਧੀ ਮਾਤਰਾ | ਉਲਟ ਅਰਧ ਚੱਕਰ | ਸਧ ਪਗ |
| (9) ਇਕ ਮਾਤਰਾ ਠਹਿਰਨ ਦੇ ਲਈ ਸਰਗਮ 'ਚ | – | ਗ – ਮ– |
| (10) ਇਕ ਮਾਤਰਾ ਗੀਤ ਉਚਾਰਣ ਵਿੱਚ | ഽ | ਗ ഽ ਮ ഽ |

4. ਤਾਲ ਲਿਪਿ

| | | |
|---|---|---|
| (11) ਸਮ | x | ਧਾ ਗੇ ਨ ਤੀਂ |
| (12) ਖਾਲੀ | 0 | ਨ ਕ ਧਿੰ ਨਾ |
| (13) ਵਿਭਾਗ | \| | 1 2 3 4 \| |
| (14) ਤਾਲੀ ਸੰਖਿਆਂ | 2, 3, 4 | – |
| (15) ਮਾਤਰਾ | 1 2 3 4 | – |

ਨੋਟ :- ਇਸ ਪਦੱਤੀ ਵਿੱਚ ਹੋਰ ਵੀ ਚਿੰਨ੍ਹਾਂ ਦਾ ਵਿਵਰਣ ਹੈ। ਸੰਗੀਤ ਦੇ ਨਵੇਂ ਵਿਦਿਆਰਥੀਆਂ ਲਈ ਇੰਨੇ ਹੀ ਕਾਫੀ ਹਨ।

* * * * * *

wnloaded from https:// www.studiestoday.c

wnloaded from https:// www.studiestoday.c

# ਪਾਠ-7

# ਰਾਗ ਭੈਰਵੀ

**ਸਧਾਰਨ ਜਾਣ-ਪਛਾਣ** :- ਇਹ ਭੈਰਵੀ ਥਾਟ ਦਾ ਰਾਗ ਹੈ। ਇਸ ਵਿੱਚ ਰੇ ਗ ਧ ਨੀ ਸੁਰ ਕੋਮਲ ਅਤੇ ਬਾਕੀ ਦੇ ਸੁਰ ਸ਼ੁੱਧ ਲਗਦੇ ਹਨ। ਇਹ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਹੈ। ਇਸ ਰਾਗ ਦਾ ਮਾ ਵਾਦੀ ਅਤੇ ਸਾ ਸੰਵਾਦੀ ਸੁਰ ਹੈ।

**ਗਾਣ-ਵਜਾਣ ਦਾ ਸਮਾਂ** - ਸਵੇਰ ਦਾ ਪਹਿਲਾ ਪਹਿਰ ਹੈ।

ਆਰੋਹੀ : ਸਾਰੇ ਗਾ ਮਾ ਪਾ ਧਾ ਨੀ ਸਾਂ।

ਅਵਰੋਹੀ : ਸਾਂ ਨੀ ਧਾ ਪਾ ਮਾ ਗਾ ਰੇ ਸਾ।

ਪਕੜ : ਮਾ, ਗਾ ਰੇ ਗਾ ਸਾਰੇ ਸਾ ਧਾ ਨੀ ਸਾਂ।

**ਥਾਟ** - ਭੈਰਵੀ ਰਾਗ ਭੈਰਵੀ ਥਾਟ ਜਨਯ ਰਾਗ ਹੈ। ਇਹ ਇਕ ਪ੍ਰਸਿਧ ਰਾਗ ਹੈ।

**ਸੁਰ** :- ਇਸ ਰਾਗ ਵਿੱਚ ਰੇ ਗ ਧ ਨੀ ਸੁਰ ਕੋਮਲ ਪ੍ਰਯੋਗ ਹੁੰਦੇ ਹਨ।

**ਜਾਤੀ** :- ਇਸਦੇ ਆਰੋਹ-ਅਵਰੋਹ ਦੋਹਾਂ ਵਿੱਚ ਸੱਤੋਂ ਸੁਰ ਪ੍ਰਯੋਗ ਹੁੰਦੇ ਹਨ, ਇਸ ਲਈ ਸੰਪੂਰਨ ਜਾਤੀ ਦਾ ਰਾਗ ਹੈ।

**ਵਾਦੀ-ਸੰਮਵਾਦੀ** :- ਇਸ ਰਾਗ ਦਾ ਵਾਦੀ ਮ ਸੰਮਵਾਦੀ ਸਾ ਹੈ। ਕੁਝ ਇਸ ਵਿੱਚ ਧ ਵਾਦੀ ਮੰਨਦੇ ਹਨ ਤਦ ਗ ਉਸ ਦਾ ਸਮਵਾਦੀ ਹੋ ਜਾਂਦਾ ਹੈ।

**ਅੰਗ** :- ਇਹ ਉਤਰਾਂਗਵਾਦੀ ਰਾਗ ਹੈ। ਮ ਵਾਦੀ ਹੋਣ ਕਰਕੇ ਉਤਰਾਂਗ ਪ੍ਰਧਾਨ ਰਾਗ ਹੈ।

**ਸਮਾਂ** :- ਇਸ ਰਾਗ ਦਾ ਗਾਣ-ਵਜਾਣ ਦਾ ਸਮਾਂ ਸਵੇਰ ਸਮੇਂ ਮੰਨਿਆ ਜਾਂਦਾ ਹੈ।

**ਨਿਆਸ ਦੇ ਸੁਰ** :- ਸਾ ਗ ਮਾ ਪਾ ਧ ਇਹਨਾਂ ਪੰਜ ਸੁਰਾਂ ਤੇ ਨਿਆਸ ਕੀਤਾ ਜਾਂਦਾ ਹੈ।



wnloaded from https:// www.studiestoday.c

wnloaded from https:// www.studiestoday.c

## ਰਾਗ ਭੈਰਵੀ (ਅਲਾਪ)

1. ਸਾਰੁੇ ਗੁਾऽ ऽ ਸਾਰੁੇ ਸਾ ऽ ਧੁਾਨੁੀ ਸਾ ऽ ਗੁਾ ਮਾ ਰੁੇ ऽ ਸਾ ऽ
2. ਨੁੀ ਸਾ ਗੁਾ ਮਾ ਪਾ ऽ ਧੁਾ ਪਾ ऽ ਨੁੀ ਧੁਾ ਪਾ ऽ
   ਪਾ ਧੁਾ ਮਾ ऽ ਮਾ ਗਾ ऽ ਸਾਰੁੇ ਸਾ ऽ ਧੁਾ ਨੁੀ ਸਾ ऽ ।
3. ਗੁਾ ਮਾ ऽ ਧੁਾਨੁੀ ਸਾਂ ऽ ਰੁੇ ਸਾਂ ऽ ਗੁਾਂ ਰੁੇ ਸਾ ऽ
   ਨੁੀ ਸਾਂ ਰੁੇ ਸਾਂ ਧੁਾ ਪਾ ऽ ਧੁਾ ਨੁੀ ਧੁਾ ਪਾ ਗੁਾ ऽ
   ਸਾ ਰੁੇ ਸਾ ऽ ਧੁਾ ਨੁੀ ਸਾ ऽ ।

## ਰਾਗ ਭੈਰਵੀ ਸੁਰ ਲਿਪੀ

### (ਤਿੰਨ ਤਾਲ)

ਸਥਾਈ

(ਦਰੁੱਤ ਜਾ ਰਜਾਖਾਨੀ ਰਾਗ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | | | | | | ਨੁੀ | ਸਾਸਾ | ਗੁਾਗੁਾ | ਮਾਮਾ |
| | | | | | | | | | | | | ਦਾ | ਦਿਰ | ਦਿਰ | ਦਿਰ |
| ਪਾ | - | ਧੁਾ | ਪਾ | ਨੁੀ | ਧੁਾਧੁਾ | ਪਾਪਾ | ਮਾਮਾ | ਗੁ - | ਗੁਾਰੁੇ | ਰੁੇ | ਸਾ | ਧੁ | ਨੁੀਨੁੀ | ਸਾਸਾ | ਸਾਸਾ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽ ਰੇ | ਦਾ | ਦਾ | ਦਿਰ | ਦਿਰ | ਦਿਰ |
| ਗੁਾ | - | ਰੁੇ | ਸਾ | ਗੁਾ | ਮਾਮਾ | ਪਾਪਾ | ਮਾਮਾ | ਗੁ | ਗੁਾਰੁੇ | - ਰੁੇ | ਸਾ | | | | |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽ ਰ | ਦਾ | | | | |
| | | | | | | ਅੰਤਰਾ | | | | | | | | | |
| | | | | | | | | | | | | ਗ | ਮਾਮਾ | ਧੁਾਧੁਾ | ਨੁੀਨੁੀ |
| ਸਾਂ | - | ਰੇਂ | ਸਾ | ਸਾਂ | ਗੁਾਂਗੁਾਂ | ਰੁੇਂਰੇਂ | ਸਾਂਸਾਂ | ਨੁੀ- | ਨੁੀਧੁਾ- | ਧੁਾ | ਪਾ | ਦਾ | ਦਿਰ | ਦਿਰ | ਦਿਰ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽ ਰ | ਦਾ | ਪਾ | ਨੁੀਨੁੀ | ਧੁਾਧੁਾ | ਪਾਪਾ |
| ਗੁਾ | - | ਮਾ | ਪਾ | ਧੁਾ | ਮਾਮਾ | ਗੁਾਗੁਾ | ਰੁੇਰੁੇ | ਗੁ- | ਗੁਾਰੁੇ- | ਰੁੇ | ਸਾ | ਦਾ | ਦਿਰ | ਦਿਰ | ਦਿਰ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽ ਰਾ | ਦਾ | | | | |



wnloaded from https:// www.studiestoday.c

wnloaded from https:// www.studiestoday.c

## ਰਾਗ ਭੈਰਵੀ (ਤਿੰਨ ਤਾਲ)

## (ਤੋੜੇ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| 1. - | - | - | - | ਸਾਰੇ | ਗਾਰੇ | ਗਾਮਾ | ਪਾਮਾ | ਪਾਧਾ | ਪਾਮਾ | ਗਾਰੇ | ਸਾਸਾ | - | - | - | ਗਤ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | | | | |
| 2. - | - | - | - | - | - | - | - | ਪਾਧਾ | ਪਾਮਾ | ਗਾਮਾ | ਗਾਰੇ | ਸਾਰੇ | ਸਾਨੀ | ਸਾਰੇ | ਗਾਮਾ |
| | | | | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 3. - | - | - | - | ਪਾਧਾ | ਪਾਮਾ | ਪਾਧਾ | ਨੀਧਾ | ਪਾਮਾ | ਗਾਮਾ | ਗਾਰੇ | ਸਾ- | ਨੀਨੀ | ਸਾਸਾ | ਗਾਗਾ | ਮਾਮਾ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਾऽ | ਦਿਰ | ਦਿਰ | ਦਿਰ | ਦਿਰ |
| 4. ਸਾਂਨੀ | ਸਾਂਨੀ | ਧਾਪਾ | ਨੀਧਾ | ਨੀਧਾ | ਪਾਮਾ | ਧਾਪਾ | ਧਾਪਾ | ਮਾਗਾ | ਪਾਮਾ | ਪਾਮਾ | ਗਾਰੇ | ਮਾਗਾ | ਰੇਸਾ | ਨੀਸ | ਗਾਮਾ |
| ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |

* * * * * *



wnloaded from https:// www.studiestoday.c

nloaded from https:// www.studiestoday.

# ਪਾਠ-8

# ਰਾਗ ਖਮਾਜ

**ਸਾਧਾਰਣ ਜਾਣ-ਪਛਾਣ :-** ਇਹ ਖਮਾਜ ਥਾਟ ਦਾ ਰਾਗ ਹੈ।

ਇਸ ਦੇ ਅਰੋਹ ਵਿੱਚ ਨੀ ਸ਼ੁੱਧ ਅਤੇ ਅਵਰੋਹ ਵਿੱਚ ਨੁੀ ਕੋਮਲ ਬਾਕੀ ਸੁਰ ਸ਼ੁੱਧ ਲਗਦੇ ਹਨ। ਅਰੋਹ ਵਿਚ ਰੇ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ-ਸਾੜਵ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਸੁਰ ਗ ਸੰਵਾਦੀ ਸੁਰਨੀ ਹੈ। ਗਾਣ-ਵਜਾਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

1. **ਥਾਟ** – ਖਮਾਜ ਥਾਟ ਜਨਯ ਰਾਗ ਹੈ।
2. **ਸੁਰ** – ਇਸ ਦੇ ਅਰੋਹ ਵਿੱਚ ਸ਼ੁੱਧ ਨੀ ਅਤੇ ਅਵਰੋਹ ਵਿੱਚ ਕੋਮਲ ਨੁੀ ਲਗਦਾ ਹੈ।
3. **ਜਾਤੀ** – ਖਮਾਜ ਰਾਗ ਦੀ ਜਾਤੀ ਸਾੜਵ-ਸੰਪੂਰਨ ਹੈ ਕਿਉਂਕਿ ਇਸਦੇ ਅਰੋਹ ਵਿੱਚ ਰੇ ਸੁਰ ਵਰਜਿਤ ਹੈ ਅਤੇ ਅਵਰੋਹ ਵਿੱਚ ਸਾਰੇ ਸੁਰ ਲਗਦੇ ਹਨ।
4. **ਵਾਦੀ** – ਸੰਮਵਾਦੀ-ਇਸ ਰਾਗ ਦਾ ਵਾਦੀ ਸੁਰ ਗ ਅਤੇ ਸੰਵਾਦੀ ਸੁਰ ਨੀ ਹੈ।
5. **ਅੰਗ** – ਗ ਵਾਦੀ ਸੁਰ ਹੋਣ ਦੇ ਨਾਤੇ ਪੁਰਵਾਂਗ ਅੰਗ ਦਾ ਰਾਗ ਹੈ।
6. **ਨਿਆਸ ਦੇ ਸੁਰ**- ਗ, ਨੀ, ਧ
7. **ਸਮਾਂ** – ਖਮਾਜ ਰਾਗ ਦਾ ਗਾਣ-ਵਜਾਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।
8. **ਪ੍ਰਕਿਰਤੀ** – ਮਧੁਰ ਪ੍ਰਕਿਰਤੀ ਦਾ ਰਾਗ ਹੈ।

**ਆਰੋਹ** – ਸਾ ਗਾ ਮਾ ਪਾ ਧਾ ਨੀ ਸਾਂ

**ਅਵਰੋਹ** – ਸਾ ਨੁੀ ਧਾ ਪਾ ਮਾ ਗਾ ਰੇ ਸਾ

**ਪਕੜ** – ਨੁੀ ਧ, ਪ ਮ, ਧ ਮ ਗ



nloaded from https:// www.studiestoday.

nloaded from https:// www.studiestoday.



## ਦਰੁੱਤ ਜਾ ਰਜਾਖਾਨੀ ਗਤ

| ਸਥਾਈ | | | | ਤਿੰਨ ਤਾਲ | | | | | | | | ਸੁਰ ਲਿਪੀ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| × | | | | 2 | | | | 0 | | | | 3 | | | |
| | | | | | | | | | | | | ਸਾ | ਨੀਨੀ | ਸਾ | ਸਾ |
| | | | | | | | | | | | | ਦਾ | ਦਿਰ | ਦਾ | ਰਾ |
| ਗਾ | ਗਾ | ਮਾ | ਪ | ਗ | ਮਪ | ਧਨੀ | ਧਪ | ਗੁ - | ਮਾਗਾ | - ਰੇ | ਸਾ | | | | |
| ਦਾ | ਰਾ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽ ਰ | ਦਾ | | | | |
| ਅੰਤਰਾ | | | | | | | | | | | | | | | |
| | | | | | | | | | | | | ਗਾ | ਮਾਮਾ | ਪਾ | ਧਾ |
| | | | | | | | | | | | | ਦਾ | ਦਿਰ | ਦਾ | ਰਾ |
| ਨੀ | ਨੀਨੀ | ਸਾਂ | ਸਾ | ਨੀ | ਸਾਂਸਾਂ | ਗਾਂਗਾਂ | ਮਾਂਮਾਂ | ਗਾਂ- | ਗਾਂਰੇਂ | -ਰੇਂ | ਸਾਂ | ਸਾਂ | ਸਾਂਸਾਂ | ਨੀ | ਨੀ |
| ਦਾ | ਦਿਰ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | ਦਾ | ਦਿਰ | ਦਾ | ਰਾ |
| ਧਾ | ਧਾਧਾ | ਪ | ਮ | ਗਾ | ਮਾਮਾ | ਪਾਪਾ | ਮਾਮਾ | ਗ- | ਗਰੇ | -ਰੇ | ਸਾ | | | | |
| ਦਾ | ਦਿਰ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |
| ਤੋੜੇ | | | | | | | | | | | | | | | |
| 1. - | - | - | - | ਸਾਗਾ | ਮਾਪਾ | ਧਾਨੀ | ਸਾਂਰੇਂ | ਸਾਂਨੀ | ਧਾਪਾ | ਮਾਗਾ | ਰੇਮਾ | - | - | - | ਗਤ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | - | - | - | - |
| 2. - | - | - | - | ਗਾਗਾ | ਮਾਮਾ | ਗਾਮਾ | ਪਾਪਾ | ਗਾਮਾ | ਗਾਨੀ | ਧਾਪਾ | ਮਾਗਾ | - | - | - | ਗਤ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | - | - | - | - |
| 3. - | - | - | - | ਗਾਮਾ | ਪਾਧਾ | ਨੀਸਾਂ | ਨੀਧ | ਪਾਮਾ | ਗਾਰੇ | ਸਾ- | ਨੀਸਾ | - | - | - | ਗਤ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | - | - | - | - |
| 4. - | - | - | - | ਸਾਗਾ | ਮਾਮਾ | ਗਾਮਾ | ਪਾਪਾ | ਗਾਮਾ | ਗਾਨੀ | ਪਾਪਾ | ਮਾਗਾ | ਗਾਮਾ | ਪਾਧਾ | ਨੀਸਾਂ | ਨੀਧਾ |
| | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| ਪਾਮਾ | ਗਾਰੇ | ਸ- | ਨੀਸਾ | ਪਾਮਾ | ਗਾਰੇ | ਸ- | ਨੀਸਾ | ਪਾਮਾ | ਗਾਰੇ | ਸਾ- | ਨੀਸ | - | - | - | ਗਤ |
| ਦਿਰ | ਦਿਰ | ਦਾऽ | ਦਿਰ | ਦਿਰ | ਦਿਰ | ਦਾऽ | ਦਿਰ | ਦਿਰ | ਦਿਰ | ਦਾऽ | ਦਿਰ | | | | |



nloaded from https:// www.studiestoday.

nloaded from https:// www.studiestoday.

# ਪਾਠ-9

# ਤਾਲਾਂ

# ਇੱਕ ਤਾਲ ਤੇ ਝਪ ਤਾਲ

**ਸਾਧਾਰਣ ਜਾਣ-ਪਛਾਣ** :- ਇਹ ਤਾਲ 12 ਮਾਤਰਾਵਾਂ ਦੀ ਤਾਲ ਹੈ। ਇਸ ਦੇ ਦੋ-ਦੋ ਮਾਤਰਾਵਾਂ ਦੇ ਛੇ ਵਿੰਭਾਗ ਹਨ। ਇਸ ਵਿਚ ਦੋ ਖਾਲੀ ਤੇ ਚਾਰ ਭਰੀਆਂ ਮਾਤਰਾਵਾਂ ਹਨ। ਪਹਿਲੀ ਮਾਤਰਾ ਦੇ ਸਮ ਜਾਂ ਪਹਿਲੀ ਤਾਲੀ, ਦੂਸਰੀ ਤਾਲੀ ਪੰਜਵੀਂ ਮਾਤਰਾ ਤੇ ਤੀਸਰੀ ਤਾਲੀ ਨੌਵੀਂ ਮਾਤਰਾ ਤੇ ਅਤੇ ਚੌਥੀ ਤਾਲੀ ਗਿਆਰਵੀਂ ਮਾਤਰਾ ਤੇ ਹੁੰਦੀ ਹੈ। ਇਸ ਤਾਲ ਦੀ ਤੀਸਰੀ ਤੇ ਸੱਤਵੀਂ ਮਾਤਰਾ ਖਾਲੀ ਮੰਨਦੇ ਹਨ। ਇਹ ਤਾਲ ਭਜਨ, ਸ਼ਬਦ ਅਤੇ ਮੱਧ ਲੈਅ ਦੀਆਂ ਗਤਾਂ ਨਾਲ ਵਜਾਈ ਜਾਂਦੀ ਹੈ।

**ਇੱਕ ਤਾਲ**

ਮੱਧ ਲੈਅ — ਇੱਕ ਗੁਣ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ | ਧਿੰ | ਧਿੰ | ਧਾਗੇ | ਤ੍ਰਿਕਟ | ਤੂ | ਨਾ | ਕੱਤ | ਤਾ | ਧਾਗੇ | ਤ੍ਰਿਕਟ | ਧਿੰ | ਨਾ |
| ਦੁਗਣ | ਧਿੰਧਿ | ਧਾਗੇ ਤ੍ਰਿਕਟ | ਤੂਨਾ | ਕੱਤਤਾ | ਧਾਗੇ ਤ੍ਰਿਕਟ | ਧਿੰਨਾ | ਧਿੰਧਿ | ਧਾਗੇ ਤ੍ਰਿਕਟ | ਤੂਨਾ | ਕਤੱਤਾ | ਧਾਗੇ ਤ੍ਰਿਕਟ | ਧਿੰਨਾ |
| ਚਿੰਨ੍ਹ | × | | 0 | | 2 | | 0 | | 3 | | 4 | |

**ਝਪ ਤਾਲ**

**ਸਾਧਾਰਨ ਜਾਣ-ਪਛਾਣ** :- ਝਪ ਤਾਲ ਦੀਆਂ 10 ਮਾਤਰਾਵਾਂ ਹੁੰਦੀਆਂ ਹਨ। ਇਸ ਦੇ ਚਾਰ ਵਿਭਾਗ ਹੁੰਦੇ ਹਨ, ਜਿਸ ਵਿੱਚ ਪਹਿਲਾ ਅਤੇ ਤੀਸਰਾ ਵਿਭਾਗ ਦੋ-ਦੋ ਮਾਤਰਾਵਾਂ ਦਾ, ਦੂਸਰਾ ਅਤੇ ਚੌਥਾ ਵਿਭਾਗ ਤਿੰਨ ਤਿੰਨ ਮਾਤਰਾਵਾਂ ਦਾ ਹੁੰਦਾ ਹੈ। ਇਸ ਤਾਲ ਦੇ ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ



nloaded from https:// www.studiestoday.

nloaded from https:// www.studiestoday.

ਤਾਲੀ, ਤੀਸਰੀ ਮਾਤਰਾ ਤੇ ਦੂਸਰੀ ਤਾਲੀ, ਅਤੇ ਅੱਠਵੀਂ ਮਾਤਰਾ ਤੇ ਤੀਸਰੀ ਤਾਲੀ ਹੁੰਦੀ ਹੈ। ਇਸ ਤਾਲ ਦੀ ਛੇਵੀਂ ਮਾਤਰਾ ਖਾਲੀ ਮੰਨਦੇ ਹਾਂ। ਇਹ ਤਾਲ ਖਿਆਲ ਗੀਤ ਨਾਲ ਜਿਆਦਾ ਵਜਾਈ ਜਾਂਦੀ ਹੈ। ਇਸ ਦੀ ਝੂਮਦੀ ਹੋਈ ਤਾਲ ਕਾਰਨ ਇਸ ਤਾਲ ਦਾ ਨਾਮ ਝਪਤਾਲ ਪਿਆ ਹੈ। ਇਹ ਤਾਲ ਸ਼ਿੰਗਾਰ ਰਸ ਦੀ ਪਰਿਤਾਰਕ ਹੈ।

### ਇੱਕ ਤਾਲ

ਮੱਧ ਲੈਅ — ਇੱਕ ਗੁਣ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਬੋਲ | ਧਿੰ | ਨਾ | ਧਿੰ | ਧਿੰ | ਨਾ | ਤਿੰ | ਨਾ | ਧਿੰ | ਧਿੰ | ਨਾ |
| ਦੋਗੁਣ | ਧਿਨਾ | ਧਿਧਿ | ਨਾਤਿ | ਨਾਧਿ | ਧਿਨਾ | ਧਿਨਾ | ਧਿਧਿ | ਨਾਤਿ | ਨਾਧਿ | ਧਿਨਾ |
| ਚਿੰਨ੍ਹ | × | | 2 | | | 0 | | 3 | | |

* * * * * *



nloaded from https:// www.studiestoday.

nloaded from https:// www.studiestoday.

# ਪਾਠ-10

# ਧੁਨ ਰਾਗ ਭੈਰਵੀ

**ਸਥਾਈ** **ਸੁਰ ਲਿਪੀ** **(ਧੁਨ) ਤਾਲ ਰੂਪਕ**

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| × | | | | | | | × | | | | | | |
| | | | | | ਸਾਸਾ | ਰੇਰੇ | ਮਾ | — | ਮਾ | ਮਾ | — | ਪਾਪਾ | ਧਾਧਾ |
| | | | | | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਮ | – | ਰੇ | ਗਾ | — | ਰੇਰੇ | ਨੀਨੀ | ਸਾ | — | ਰੇ | ਮਾ | — | ਗਾਗਾ | ਰੇਰੇ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਗਾ | – | ਰੇ | ਸਾ | — | ਸਾਸਾ | ਰੇਰੇ | ਮਾ | — | ਮਾ | ਮਾ | — | ਪਾਪਾ | ਧਾਧਾ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਸਾਂ | – | ਨੀ | ਧਾ | — | ਪਾਪਾ | ਧਾਧਾ | ਮਾ | — | ਮਾ | ਰੇ | — | ਮਾਮਾ | ਮਾਮਾ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਗਾ | – | ਰੇ | ਸਾ | — | | | | | | | | | |
| ਦਾ | ऽ | ਰਾ | ਦਾ | ऽ | | | | | | | | | |
| **ਅੰਤਰਾ** | | | | | | | | | | | | | |
| | | | | | ਪਾਪਾ | ਧਾਧਾ | ਸਾਂ | — | ਰੇਂ | ਸਾਂ | — | ਨੀਨੀ | ਧਾਧਾ |
| | | | | | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਸਾਂ | — | ਰੇਂ | ਸਾਂ | — | ਸਾਂਸਾਂ | ਰੇਂਰੇਂ | ਗਾਂ | — | ਗਾਂ | ਰੇਂ | — | ਰੇਂਰੇਂ | ਗਾਂਗਾਂ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਰੇਂ | – | ਰੇਂ | ਸਾ | — | ਸੰਸੰ | ਰੇਂਰੇਂ | ਨੀ | — | ਨੀ | ਧਾ | — | ਧਾਧਾ | ਨੀਨੀ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਧਾ | – | ਧਾ | ਪਾ | — | ਪਾਪਾ | ਧਾਧਾ | ਮਾ | — | ਮਾ | ਰੇ | — | ਮਾਮਾ | ਮਾਮਾ |
| ਦਾ | ऽ | ਰਾ | ਦਾ | ऽ | ਦਿਰ | ਦਿਰ | ਦਾ | ऽ | ਰਾ | ਦਾ | ऽ | ਦਿਰ | ਦਿਰ |
| ਗਾ | – | ਰੇ | ਸਾ | — | | | | | | | | | |
| ਦਾ | ऽ | ਰਾ | ਦਾ | ऽ | | | | | | | | | |



nloaded from https:// www.studiestoday.

nloaded from https:// www.studiestoday.

# ਰਾਗ ਖਮਾਜ (ਤਾਲ ਦਾਦਰਾ)

(ਦਰੁੱਤ ਲੈਅ)

**ਸੁਰ ਲਿਪੀ** **ਧੁਨ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| × | | | 0 | | | × | | | 0 | | |
| **ਸਥਾਈ** | | | | | | | | | | | |
| ਸਾ | ਗਾ | ਗਾ | ਸਾ | ਗਾ | ਗਾ | ਮਾ | ਪਾ | ਮਾ | ਗਾ | – | – |
| ਦਾ | ਦਾ | ਰਾ | ਦਾ | ਦਾ | ਰਾ | ਦਾ | ਦਾ | ਰਾ | ਦਾ | ऽ | ऽ |
| ਨੀ̣ | ਧਾ | ਧਾ | ਨੀ̣ | ਧਾ | ਪਾ | ਮਾ | ਪਾ | ਮਾ | ਗਾ | – | – |
| ਦਾ | ਦਾ | ਰਾ | ਦਾ | ਦਾ | ਰਾ | ਦਾ | ਦਾ | ਰਾ | ਦਾ | ऽ | ऽ |
| **ਅੰਤਰਾ (1)** | | | | | | | | | | | |
| ਨੀ | ਨੀ | ਨੀ | ਸਾਂ | ਨੀ | ਸਾਂ | ਨੀ̣ | ਧਾ | ਮਾ | ਗਾ | ਰੇ | ਸਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਸਾ | ਨੀ̣ | ਧਾ | ਨੀ̣ | ਧਾ | ਪਾ | ਧਾ | ਪਾ | ਮਾ | ਪਾ | ਮਾ | ਗਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਸਾ | ਗਾ | ਗਾ | ਸਾ | ਗਾ | ਗਾ | ਮਾ | ਪਾ | ਮਾ | ਗਾ | – | – |
| ਦਾ | ਦਾ | ਰਾ | ਦਾ | ਦਾ | ਰਾ | ਦਾ | ਦਾ | ਰਾ | ਦਾ | ऽ | ऽ |
| **ਅੰਤਰਾ (2)** | | | | | | | | | | | |
| ਪਾ | ਮਾ | ਗਾ | ਨੀ̣ | ਧਾ | ਪਾ | ਸਾਂ | ਨੀ̣ | ਧਾ | ਗਾਂ | ਰੇਂ | ਸਾਂ |
| ਦਾ | ਦਾ | ਰਾ | ਦਾ | ਦਾ | ਰਾ | ਦਾ | ਦਾ | ਰਾ | ਦਾ | ਦਾ | ਰਾ |
| ਨੀ̣ | – | – | ਧਾ | – | – | ਮਾ | – | – | ਗਾ | – | – |
| ਦਾ | ऽ | ऽ | ਦਾ | ऽ | ऽ | ਦਾ | ऽ | ऽ | ਦਾ | ऽ | ऽ |
| ਨੀ | ਸਾਂ | ਨੀ | ਸਾਂ | ਨੀ | ਸਾਂ | ਨੀ̣ | ਧਾਂ | ਨੀ̣ | ਧਾ | ਨੀ̣ | ਧਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਸਾਂ | ਸਾਂ | ਨੀ | ਨੀ̣ | ਧਾ | ਧਾ | ਮਾ | ਮਾ | ਗਾ | ਗਾ | ਰੇ | ਸਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| **ਅੰਤਰਾ (3)** | | | | | | | | | | | |
| ਗਾ | ਮਾ | ਨੀ̣ | ਧਾ | ਨੀ | ਨੀ | ਸਾਂ | ਨੀ | ਸਾਂ | ਨੀ | ਸਾਂ | ਸਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਗਾਂ | ਰੇਂ | ਸਾਂ | ਨੀ̣ | ਧਾ | ਪਾ | ਮਾ | ਪਾ | ਧਾ | ਮਾ | ਗਾ | ਗਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਸਾ | ਗਾ | ਮਾ | ਪਾ | ਧਾ | ਨੀ | ਸਾਂ | ਨੀ̣ | ਧਾ | ਪਾ | ਮਾ | ਗਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਸਾਂ | ਨੀ̣ | ਧਾ | ਪਾ | ਮਾ | ਗਾ | ਸਾਂ | ਨੀ̣ | ਧਾ | ਪਾ | ਮਾ | ਗਾ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |




nloaded from https:// www.studiestoday.

nloaded from https:// www.studiestoday.

# ਸਿਤਾਰ

1. ਖੂੰਟੀ
2. ਤਾਰ ਗਹਨ
3. ਅੱਟੀ
4. ਪਰਦਾ
5. ਡਾਂਡ
6. ਗੁੱਲੂ
7. ਪਹਿਲੀ ਤਾਰ
8. ਦੂਜੀ ਤਾਰ
9. ਤੀਜੀ ਤਾਰ
10. ਚੌਥੀ ਤਾਰ
11. ਪੰਜਵੀਂ ਤਾਰ
12. ਛੇਵੀਂ ਤਾਰ
13. ਚਿਕਾਰੀ
14. ਘੁੜਚ
15. ਮਣਕਾ
16. ਤਬਲੀ
17. ਕਿੱਲ ਜਾਂ ਲੰਗੋਟ
18. ਤੂੰਬਾ




ਚਿਤਰ-(3) ਸਿਤਾਰ



nloaded from https:// www.studiestoday.

nloaded from https:// www.studiestoday.

# ਪਾਠ-11

# ਸਿਤਾਰ

ਸਿਤਾਰ ਭਾਰਤੀ ਸੰਗੀਤ ਦਾ ਇਕ ਪ੍ਰਮੁੱਖ ਅਤੇ ਲੋਕ ਪ੍ਰਿਯ ਤੰਤੀਸਾਜ ਹੈ। ਵਰਤਮਾਨ ਸਮੇਂ ਵਿੱਚ ਸਿਤਾਰ ਨੇ ਨ ਸਿਰਫ਼ ਭਾਰਤ ਵਿੱਚ ਹੀ ਨਹੀਂ ਲੋਕ ਪ੍ਰਿਯਤਾ ਹਾਸਿਲ ਕੀਤੀ ਸਗੋਂ ਵਿਦੇਸ਼ਾਂ ਵਿੱਚ ਵੀ ਬਹੁਤ ਹੀ ਲੋਕਪ੍ਰਿਯ ਸਾਜ਼ ਹੈ।

ਸਿਤਾਰ ਦੇ ਅਵਿਸ਼ਕਾਰ ਦੇ ਬਾਰੇ ਭਿੰਨ-ਭਿੰਨ ਵਿਦਵਾਨਾਂ ਵਿੱਚ ਮਤਭੇਦ ਹਨ। ਇੱਕ ਮੱਤ ਅਨੁਸਾਰ ਸਿਤਾਰ ਦਾ ਜਨਮ ਪ੍ਰਾਚੀਨ ਵੀਣਾ ਵਾਦਅ ਤੋ ਹੋਇਆ। ਕੁਝ ਵਿਦਵਾਨਾਂ ਦੇ ਮੱਤ ਅਨੁਸਾਰ ਪ੍ਰਾਚੀਨ ਤ੍ਰੀ ਤੰਤੀ ਨੂੰ ਹੀ ਆਧੁਨਿਕ ਸਮੇਂ ਵਿੱਚ ਸਿਤਾਰ ਕਿਹਾ ਜਾਂਦਾ ਹੈ। ਸਿਤਾਰ ਦੇ ਅਵਿਸ਼ਕਾਰ ਦੇ ਵਿਸ਼ੇ ਵਿੱਚ ਵਿਦਵਾਨਾਂ ਦਾ ਮਤ ਹੈ ਕਿ ਚੌਦਵੀਂ ਸਦੀ ਵਿੱਚ ਅਲਾਉਦੀਨ ਖਿਲਜੀ ਦੇ ਦਰਬਾਰ ਦੇ ਸੁਪ੍ਰਸਿੱਧ ਸੰਗੀਤਕਾਰ ਹਜਰਤ ਅਮੀਰ ਖੁਸਰੋ ਨੇ ਕੀਤਾ। ਇਹ ਪ੍ਰਚਲਿਤ ਧਾਰਨਾ ਹੈ ਕਿ ਅਮੀਰ ਖੁਸਰੋਂ ਨੇ ਪ੍ਰਾਚੀਨ ਵੀਣਾ ਅਤੇ ਤਾਨਪੁਰ ਦੇ ਸੰਯੋਗ ਤਿੰਨ ਤਾਰ ਵਾਲੇ ਇਕ ਨਵੇਂ ਸਾਜ਼ ਦਾ ਨਿਰਮਾਣ ਕੀਤਾ। ਜਿਸ ਨੂੰ ਸੇਹਤਾਰ ਦਾ ਨਾਂ ਦਿੱਤਾ ਗਿਆ। ਸੇਹਤਾਰ ਇਕ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਹੜਾ ਸੇਹ ਅਤੇ ਤਾਰ ਨੂੰ ਮਿਲਾ ਕੇ ਬਣਿਆ ਹੈ। ਸੇਹ ਦਾ ਅਰਥ ਹੈ ਤਿੰਨ, ਇਸ ਲਈ ਸੇਹਤਾਰ ਸ਼ਬਦ ਦਾ ਅਰਥ ਹੈ ਤਿੰਨ ਤਾਰਾਂ ਵਾਲਾ ਸਾਜ਼। ਹੌਲੀ-ਹੌਲੀ ਇਹਨਾਂ ਤਿੰਨ ਤਾਰਾਂ ਦੀ ਸੰਖਿਆ ਛੇ ਅਤੇ ਫਿਰ ਸੱਤ ਹੋ ਗਈ।

ਸ਼ੁਰੂ ਵਿੱਚ ਤਿੰਨ ਤਾਰਾਂ ਵਾਲੇ ਸੇਹਤਾਰ ਵਿੱਚ ਲਗਭਗ ਦੋ ਸੌ ਸਾਲ ਤੱਕ ਕੋਈ ਪਰਿਵਰਤਨ ਨਹੀਂ ਆਇਆ। ਤਾਨਸੇਨ ਦੇ ਦਾਮਾਦ ਮਿਸ਼ਰੀ ਸਿੰਘ ਦੇ ਵੰਸ਼ਜ ਮਸੀਤ ਖਾਂ ਨੇ ਸਿਤਾਰ ਤੇ ਤਿੰਨ ਤਾਰਾਂ ਚੜਾ ਕੇ ਤਾਰਾਂ ਦੀ ਸੰਖਿਆ ਛੇ ਕਰ ਦਿਤੀ। ਕੁਝ ਸਮੇਂ ਇਹ ਛੇ ਤਾਰਾਂ ਵਾਲਾ ਸਿਤਾਰ ਪ੍ਰਚਲਿਤ ਰਿਹਾ। ਉਸ ਤੋਂ ਬਾਅਦ ਇਕ ਹੋਰ ਤਾਰ ਜੁੜਨ ਤੇ (ਵਧਣ ਤੇ ) ਤਾਰਾਂ ਦੀ ਸੰਖਿਆ ਸੱਤ ਹੋ ਗਈ। ਪਰਦਿਆਂ ਦੀ ਸੰਖਿਆ 16 ਤੋਂ ਵੱਧ ਕੇ 23 ਹੋ ਗਈ। ਮਸੀਤ



nloaded from https:// www.studiestoday.

nloaded from https:// www.studiestoday.

ਖਾਂ ਨੇ ਇਕ ਨਵੀਂ ਵਾਦਨ ਸ਼ੈਲੀ ਦਾ ਪ੍ਰਚਲਨ ਕੀਤਾ ਅਤੇ ਉਸ ਦੇ ਨਾਂ ਤੇ ਹੀ ਗਤ ਦਾ ਨਾਂ ਮਸੀਤ ਖਾਨੀ ਗਤ ਰੱਖਿਆ ਗਿਆ। ਇਸ ਤੋਂ ਬਾਅਦ ਇਨਾਂ ਦੇ ਪੁੱਤਰ ਰਹੀਮਸੇਨ ਅਤੇ ਪੋਤੇ ਅਮੀਰ ਖਾਂ ਨੇ ਵੀ ਵਾਦਨ ਸ਼ੈਲੀ ਨੂੰ ਕਾਫੀ ਉੱਨਤ ਕੀਤਾ। ਰਜ਼ਾ ਖਾਂ ਨੇ ਸਿਤਾਰ ਦਰੁਤਲੈਅ ਦੇ ਇਕ ਬਾਜ ਦਾ ਅਵਿਸ਼ਕਾਰ ਕੀਤਾ ਜਿਸ ਨੂੰ ਪੂਰਬਬਾਜ ਜਾਂ ਰਜਾ ਖਾਨੀ ਗਤ ਕਿਹਾ ਜਾਂਦਾ ਹੈ। ਜੈਪੁਰ ਘਰਾਨੇ ਦੇ ਅਮ੍ਰਿਤਸੇਨ ਅਤੇ ਨਿਹਾਲਸੇਨ ਨੇ ਵੀ ਸਿਤਾਰ ਵਿੱਚ ਕਾਫੀ ਸੰਸ਼ੋਧਨ ਕੀਤਾ। ਲਕੜੀ ਦੀ ਥਾਂ ਤੇ ਲੌਕੀ ਦਾ ਤੂੰਬਾ ਲਗਾਇਆ ਅਤੇ ਗੂੰਜ ਦੇ ਲਈ ਸਿਤਾਰ ਦੇ ਉੱਤੇ ਇਕ ਛੋਟਾ ਤੂੰਬਾ ਲਗਾਇਆ। ਇਸੀ ਘਰਾਨੇ ਦੇ ਆਖਿਰੀ ਉਸਤਾਦ ਇਮਦਾਦ ਖਾਂ ਨੇ ਸਿਤਾਰ ਦੇ ਪਰਦਿਆਂ ਦੀ ਸੰਖਿਆ 23 ਤੋਂ ਘਟਾ ਕੇ 19 ਕੀਤੀ ਅਤੇ ਸਿਤਾਰ ਦੀ ਝੰਕਾਰ ਦੇ ਲਈ ਤਰਬ ਦੀਆਂ ਤਾਰਾਂ ਦਾ ਪ੍ਰਚਲਨ ਕੀਤਾ ਅਤੇ ਸਿਤਾਰ ਤੇ ਮੀਂਡ, ਘਸੀਟ ਤੋੜੇ ਅਤੇ ਝਾਲਾਂ ਬਜਾਣ ਦੀ ਪ੍ਰਥਾ ਸ਼ੁਰੂ ਕੀਤੀ । ਇਮਦਾਦ ਖਾਂ ਦੇ ਪੁੱਤਰ ਇਨਾਅਤ ਖਾਂ ਅਤੇ ਇਹਨਾਂ ਦੇ ਪੁੱਤਰ ਵਿਲਾਇਤ ਖਾਂ ਨੇ ਤੂੰਬੇ ਦਾ ਆਕਾਰ ਛੋਟਾ ਕੀਤਾ।

ਵਰਤਮਾਨ ਸਮੇਂ ਦੇ ਦੂਸਰੇ ਸੁਪ੍ਰਸਿੱਧ ਸਿਤਾਰ ਵਾਦਕ ਪੰਡਿਤ ਰਵਿਸ਼ੰਕਰ ਨੇ ਸਿਤਾਰ ਤੇ 'ਲਰਜ਼ ਦਾ ਤਾਰ' (ਅਤਿ ਮੰਦਰ ਸਵਰ ਦੇ ਤਾਰ) ਵਧਾਇਆ।

ਆਧੁਨਿਕ ਯੁਗਦੇ ਸਾਜਾ ਵਿੱਚ ਸਿਤਾਰ ਦਾ ਮਹਤੱਵਪੂਰਣ ਸਥਾਨ ਹੈ ਇਸ ਲਈ ਇਸ ਸਾਜ਼ ਦੀ ਕੁਝ ਜਾਣਕਾਰੀ ਹੋਣੀ ਚਾਹੀਦੀ ਹੈ।

**ਅੰਗ ਵਰਣਨ:-**

1. **ਤੂੰਬਾ** :- ਸਿਤਾਰ ਦਾ ਨਿਚਲਾ ਭਾਗ ਜਿਹੜਾ ਲੌਕੀ ਦਾ ਹੁੰਦਾ ਹੈ ਤੂੰਬਾ ਕਹਲਾਉਂਦਾ ਹੈ।
2. **ਤਬਲੀ** :- ਤੂੰਬੇ ਦਾ ਥੋੜਾ ਭਾਗ ਕੱਟ ਕੇ ਪਤਲੀ ਲਕੜੀ ਨਾਲ ਢੱਕ ਦਿੱਤਾ ਜਾਂਦਾ ਹੈ ਇਸ ਢੱਕਨ ਨੂੰ ਤਬਲੀ ਕਹਿੰਦੇ ਹਨ।
3. **ਕਿੱਲ**:- ਤੂੰਬੇ ਦੇ ਹੇਠਲੇ ਭਾਗ ਵਿੱਚ ਜਿਸ ਤੇ ਸਿਤਾਰ ਦੇ ਤਾਰ ਬੰਨ੍ਹੇ ਜਾਂਦੇ ਹਨ, ਕਿੱਲ ਕਹਿੰਦੇ ਹਨ।
4. **ਘੁਰੱਚ** :- ਤਬਲੀ ਦੇ ਉਤੇ ਲਕੜੀ ਜਾਂ ਹਾਥੀ ਦੰਦ ਦੀ ਇਕ ਚੌਂਕੀ ਹੈ ਜਿਸ ਤੇ ਤਾਰ ਰਖੇ ਜਾਂਦੇ ਹਨ ਉਸ ਨੂੰ ਘੁਰੱਚ ਜਾਂ ਬ੍ਰਿਜ ਕਹਿੰਦੇ ਹਨ।
5. **ਡਾਂਡ** :- ਸਿਤਾਰ ਦੀ ਲੰਬੀ ਖੋਖਲੀ ਲਕੜੀ ਜਿਸ ਤੇ ਪਰਦੇ ਬੰਨੇ ਹੁੰਦੇ ਹਨ ਉਸ ਨੂੰ ਡਾਂਡ ਕਹਿੰਦੇ ਹਨ।



nloaded from https:// www.studiestoday.

nloaded from https:// www.studiestoday.

6. **ਗੁਲੂ** :- ਉਹ ਸਥਾਨ ਜਿਥੇ ਤੂੰਬੀ ਅਤੇ ਤਾਰ ਜੁੜਦੇ ਹਨ।

7. **ਅੱਟੀ** :- ਸਿਤਾਰ ਦੀ ਡਾਂਡ ਦੇ ਉੱਪਰ ਦੀ ਤਰਫ਼ ਹਾਥੀ ਦੰਦ ਦੀ ਇਕ ਪੱਟੀ ਜਿਸ ਤੇ ਤਾਰ ਰਖੇ ਜਾਂਦੇ ਹਨ, ਅੱਟੀ ਕਹਲਾਉਂਦੀ ਹੈ।

8. **ਤਾਰਗਹਿਨ** :- ਅੱਟੀ ਦੇ ਨਾਲ ਹੀ ਲਗੀ ਦੂਸਰੀ ਪੱਟੀ ਜਿਸ ਵਿੱਚ ਛੇਦ ਹੁੰਦੇ ਹਨ ਇਸ ਵਿਚੋਂ ਤਾਰਾਂ ਲਗਾ ਕੇ ਖੂੰਟੀ ਨਾਲ ਬੰਨਦੇ ਹਨ ਉਸ ਨੂੰ ਤਾਰਗਹਿਨ ਕਹਿੰਦੇ ਹਨ।

9. **ਖੂੰਟੀਆਂ** :- ਸਿਤਾਰ ਦੀਆਂ ਤਾਰਾਂ ਨੂੰ ਕਸਨ ਲਈ ਡਾਂਡ ਵਿੱਚ ਲਕੜੀ ਦੀਆਂ ਚਾਬੀਆਂ ਹੁੰਦੀਆਂ ਹਨ ਉਹਨਾਂ ਨੂੰ ਖੂੰਟੀਆਂ ਕਹਿੰਦੇ ਹਨ।

10. **ਮਣਕਾ** :- ਹਾਥੀ ਦੰਦ ਜਾਂ ਕੱਚ ਦੇ ਬਣੇ ਬਤੱਖ ਜਾਂ ਮੋਤੀ ਦੀ ਸ਼ਕਲ ਜਿਹਾ ਬਣਿਆ ਮੋਤੀ ਜਿਹੜਾ ਤਾਰਾਂ ਵਿੱਚ ਪਰੋਇਆ ਹੁੰਦਾ ਹੈ ਮਣਕਾ ਕਹਿਲਾਉਂਦਾ ਹੈ।

******


nloaded from https:// www.studiestoday.

nloaded from https:// www.studiestoday.

# ਪਾਠ-12

# ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਾਰੀਆਂ ਸਭ ਤਾਲਾਂ ਦੀ ਦੁਗਣ

### ਤਾਲ ਦਾਦਰਾ ਦੁਗਣ

| ਮਾਤਰਾ | 1 | 2 | 3 | 4 | 5 | 6 |
|---|---|---|---|---|---|---|
| ਬੋਲ ਦੁੱਗਣ | ਧਾਧਿੰ | ਨਾਧਾ | ਤਿੰਨਾ | ਧਾਧਿੰ | ਨਾਧਾ | ਤਿੰਨਾ |
| ਚਿੰਨ੍ਹ | × | | | 0 | | |

### ਤਾਲ ਕਹਿਰਵਾ ਦੁਗਣ

| ਮਾਤਰਾ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਬੋਲ ਦੁੱਗਣ | ਧਾਗੇ | ਨਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |
| ਚਿੰਨ੍ਹ | × | | | | 0 | | | |

### ਤਿੰਨ ਤਾਲ ਦੁਗਣ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਬੋਲ ਦੁੱਗਣ | ਧਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਤਿੰ | ਤਿੰਧਾ | ਤਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਤਿੰ | ਤਿੰਤਾ | ਤਾਧਿੰ | ਧਿੰਧਾ |
| ਚਿੰਨ੍ਹ | × | | | | 2 | | | | 0 | | | | 3 | | | |



nloaded from https:// www.studiestoday.

nloaded from https:// www.studiestoday.

## ਰੂਪਕ ਤਾਲ ਦੁਗਣ

| ਮਾਤਰਾ | 1 | 2 | 3 | 4 | 5 | 6 | 7 |
|---|---|---|---|---|---|---|---|
| ਬੋਲ ਦੁਗਣ | ਤਿੰਤਿੰ | ਨਾਧਿ | ਨਾਧਿ | ਨਾਤਿੰ | ਤਿੰਨਾ | ਧਿੰਨਾ | ਧਿੰਨਾ |
| ਚਿੰਨ੍ਹ | 0 | | | 1 | | 2 | |

## ਇਕ ਤਾਲ ਦੁਗਣ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ ਦੁਗਣ | ਧਿੰਧਿੰ | ਧਾਗੇ ਤਿਰਕਟ | ਤੂਨਾਂ | ਕੱਤਾ | ਧਾਗੇ ਤਿਰਕਟ | ਧਿੰਨਾ | ਧਿੰਧਿੰ | ਧਾਗੇ ਤਿਰਕਟ | ਤੂਨਾ | ਕੱਤਾ | ਧਾਗੇ ਤਿਰਕਟ | ਧਿੰਨਾ |
| ਚਿੰਨ੍ਹ | × | | 0 | | 2 | | 0 | | 3 | | 4 | |

* * * * * *



nloaded from https:// www.studiestoday.

vnloaded from https:// www.studiestoday.c

# ਪਾਠ-13

## ਰਾਗਾਂ ਦਾ ਚਾਰਟ

| ਰਾਗ ਦਾ ਨਾਂ | ਥਾਟ | ਵਾਦੀ | ਸਮਵਾਦੀ | ਵਰਜਿਤਸੁਰ | ਅਰੋਹ | ਅਵਰੋਹ | ਪਕੜ | ਗਾਉਣ ਸਮਾਂ | ਜਾਣ-ਪਛਾਣ |
|---|---|---|---|---|---|---|---|---|---|
| ਭੂਪਾਲੀ | ਕਲਿਆਣ | ਗਾ | ਧਾ | ਮ, ਨੀ | ਸਾ ਰੇ ਗ ਪ ਧ ਸਾਂ | ਸਾਂ ਧਾ ਪ ਗਾ ਰੇ ਸਾ | ਸਾ ਰੇ, ਪਾ ਗਾ ਧਾ, ਪਾ ਗਾ ਰੇ ਧ ਸਾ। | ਰਾਤ ਦਾ ਪਹਿਲਾ ਪਹਿਰ | ਇਸ ਰਾਗ ਵਿਚ ਮ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ। |
| ਦੁਰਗਾ | ਬਿਲਾਵਲ | ਮਾ | ਸਾ | ਗਾ, ਨੀ | ਸਾ ਰੇ ਮਾ ਪਾ ਧਾ ਸਾਂ। | ਸਾਂ ਧਾ ਪਾ ਮਾ ਰੇ ਸਾ। | ਸਾ ਰੇ ਮਾ ਪਾ ਮਾ ਰੇ ਧਾ ਸਾ। | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿਚ ਗਾ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ - ਔੜਵ ਹੈ। |
| ਖਮਾਜ | ਖਮਾਜ | ਗਾ | ਨੀ | ਅਰੋਹ ਵਿਚ ਰੇ ਸੁਰ | ਸਾ ਗਾ ਮਾ ਪਾ ਧਾ ਨੀ ਸਾਂ | ਸਾਂ ਨੀ̱ ਧਾ ਪਾ ਮਾ ਗਾ ਰੇ ਸਾ | ਨੀ̱ ਧ ਮਾ ਪਾ ਧਾ ਮਾ ਗਾ | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿੱਚ ਅਰੋਹ ਵਿੱਚ ਰੇ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਹੈ। ਇਸ ਦੀ ਅਵਰੋਹੀ ਵਿਚ ਨੀ̱ ਸੁਰ ਕੋਮਲ ਲੱਗਦਾ ਹੈ। |
| ਭੈਰਵੀ | ਭੈਰਵੀ | ਮਾ | ਸਾ | - | ਸਾ ਰੇ̱ ਗਾ̱ ਮਾ ਪਾ ਧਾ̱ ਨੀ̱ ਸਾਂ | ਸਾਂ ਨੀ̱ ਧਾ̱ ਪਾ ਮਾ ਗਾ̱ ਰੇ̱ ਸਾ | ਮਾ ਗਾ̱ ਰੇ̱ ਗਾ̱ ਸਾ ਰੇ̱ ਸਾ ਧਾ̱ ਨੀ̱ ਸਾ | ਸਵੇਰ ਦਾ | ਇਸ ਰਾਗ ਵਿਚ ਰੇ̱ ਗਾ̱ ਧਾ̱ ਨੀ̱ ਸੁਰ ਕੋਮਲ ਲੱਗਦੇ ਹਨ ਤੇ ਸਾਰੇ ਸੁਰ ਲੱਗਦੇ ਹਨ ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ-ਸੰਪੂਰਨ ਹੈ। |

vnloaded from https:// www.studiestoday.c